ISSN: 2584-0509



(Page 269 to 299)

# ਉਹ ਪਾਤਰ ਸੁਰਜੀਤ ਹੀ ਰਹਿਣਾ ...



ਸੁਖਪਾਲ
sukhpal@live.com
Mobile & Whatsapp :
001 365 777 1111

ਉਹ ਪੁਰਖ ਚਲਾ ਗਿਆ ਜਿਸਦਾ ਨਾਮ ‘ਸੁਰ’ ਨਾਲ ਸ਼ੁਰੂ ਹੁੰਦਾ ਤੇ ਉਹਦੀ ਕਵਿਤਾ ਲੈਅ ਵਿਚ ਹੁੰਦੀ, ਭਾਵੇਂ ਛੰਦ ਵਿਚ ਬੱਧੀ ਭਾਵੇਂ ਖੁਲ੍ਹੀ ਹੁੰਦੀ।

‘ਮਨੁੱਖ’ ਸ਼ਬਦ 'ਮਨ' ਤੋਂ ਆਇਆ ਹੈ। ਏਸ ਅਰਥ ਵਿਚ ਅਸੀਂ ਸਾਰੇ ਮਨੁੱਖ ਹਾਂ। ‘ਪੁਰਖ’ ਸ਼ਬਦ 'ਪੁਰ' (ਨਗਰ) ਤੋਂ ਆਇਆ ਹੈ। ਪਾਤਰ ਉਹ ਨਗਰ ਸੀ ਜਿਸ ਅੰਦਰ ਸੈਂਕੜੇ ਸੰਵੇਦਨਾਵਾਂ, ਭਾਵਨਾਵਾਂ, ਫ਼ਿਕਰ, ਵਿਚਾਰ, ਮੋਹ, ਸ਼ਬਦ, ਸੁਰ, ਰਾਗ ਤੇ ਰਿਸ਼ਤੇ ਵਸਦੇ ਸਨ। ਉਹ ਪੁਰਖ ਵੀ ਸੀ ਤੇ ਕਰਤਾ ਵੀ। ਪੰਜਾਬੀ ਕਵਿਤਾ ਦਾ ‘ਕਰਤਾ ਪੁਰਖ’।

*

## ਸਿੱਕਾ ਤੇ ਸੋਨਾ

35 ਵਰ੍ਹੇ ਪਹਿਲਾਂ ਸੁਰਜੀਤ ਪਾਤਰ ਘਰ ਆਏ। ਗੁਰੂ ਗੋਬਿੰਦ ਸਿੰਘ ਜੀ ਦੀ ਗੱਲ ਕਰਦਿਆਂ ਮੈਂ ਪੁੱਛਿਆ: “ਏਹ ਕਿਵੇਂ ਵਾਪਰਦਾ ਹੈ ਕਿ ਕੋਈ ਸ਼ਖ਼ਸ 9 ਵਰ੍ਹੇ ਦੀ ਉਮਰ ਵਿਚ ਏਡੇ ਸਮਾਜ ਦੀ ਅਗਵਾਈ ਵਰਗੀ ਜ਼ਿੰਮੇਵਾਰੀ ਲੈਂਦਾ ਹੈ। ਸ਼ਸਤਰ-ਵਿੱਦਿਆ ਸਿੱਖਦਾ ਹੈ। ਹਰ ਸ਼ਸਤਰ ਦੀ ਆਪਣੀ ਵਿਦਿਆ ਹੈ, ਉਹ ਸਾਰੀਆਂ ਸਿੱਖਦਾ ਹੈ। ਫਿਰ ਸੈਂਕੜੇ ਹਜ਼ਾਰਾਂ ਨੂੰ ਸਿਖਾਉਂਦਾ ਹੈ। ਆਨੰਦਪੁਰ ਸਾਹਿਬ ਉਨ੍ਹਾਂ ਦਾ ਨੇਜ਼ਾ ਵੇਖ਼ ਕੇ ਮੈਂ ਹੈਰਾਨ ਹੋਇਆ। ਮੈਂ ਸ਼ਾਇਦ ਉਸ ਭਾਰੇ ਸ਼ਸਤਰ ਨੂੰ 10 ਮਿੰਟ ਵੀ ਹੱਥ ਤੇ ਲਗਾਤਾਰ ਨਾ ਰੱਖ ਸਕਾਂ। ਉਹ ਸਾਰਾ ਦਿਨ ਚੁੱਕ ਕੇ ਲੜਦੇ ਸੀ। 18 ਗ੍ਰੰਥ ਲਿਖੇ। ਸ਼ਾਇਦ ਏਨੇ ਕੁ ਸਰਸਾ ਨਦੀ ਵਿਚ ਰੁੜ੍ਹ ਵੀ ਗਏ। ਜਾਪ ਸਾਹਿਬ 8 ਭਾਸ਼ਾਵਾਂ ਵਿਚ ਹੈ। ਅਰਥਾਤ 8 ਭਾਸ਼ਾਵਾਂ ਦੀ ਵਿਆਕਰਣ ਵੀ ਸਿੱਖੀ। ਉਹ 52 ਕਵੀਆਂ ਦੀ ਰਚਨਾ ਸੁਣਦੇ, ਉਨ੍ਹਾਂ ਤੋਂ ਸੰਸਕ੍ਰਿਤ ਗ੍ਰੰਥਾਂ ਦਾ ਅਨੁਵਾਦ ਕਰਵਾਉਂਦੇ, ਅਨੁਵਾਦ ਵੇਖਦੇ ਪਰਖਦੇ ਤੇ ਦਸਦੇ। 19 ਕੁ ਲੜਾਈਆਂ ਵੀ ਲੜ ਲਈਆਂ। ਗੁਰੂ ਗ੍ਰੰਥ ਸਾਹਿਬ ਵੀ ਸੰਪਾਦਿਤ ਕਰ ਲਿਆ। 42 ਸਾਲ ਦੀ ਉਮਰ ਵਿਚ ਚਲੇ ਵੀ ਗਏ। ਬੰਦੇ ਵਿਚ ਉਹ ਕਿਹੜਾ ਕੇਂਦਰੀ ਗੁਣ ਹੁੰਦਾ ਹੈ ਜਿਸ ਨਾਲ ਇਹ ਸੰਭਵ ਹੁੰਦਾ ਹੈ ਕਿ ਉਹ ਮਹਿਜ਼ 33 ਵਰ੍ਹਿਆਂ ਵਿਚ ਹੀ ਏਨਾ ਕੁਝ ਕਰ ਲਏ, ਪੈਦਾ ਕਰ ਲਏ?’

ਪਾਤਰ ਬੋਲੇ: “ਜਦੋਂ ਤੁਹਾਨੂੰ ਆਪਣੇ ਕਰਨ ਵਾਲਾ ਕੰਮ, ਆਪਣਾ ਮਕਸਦ ਪੂਰਾ ਸਪਸ਼ਟ ਹੋਵੇ, ‘ਤੇ ਤੁਸੀਂ ਪੂਰਾ ਤਾਣ ਲਾ ਕੇ ਕੰਮ ਕਰੋ, ਕਿਣਕਾ ਜਤਨ ਵੀ ਨਾ ਬਚਾਉ – ਤਾਂ

ਸਾਲਾਂ ਵਿਚ ਹੋਣ ਵਾਲ਼ਾ ਕੰਮ ਤੁਸੀਂ ਕੁਝ ਹਫ਼ਤਿਆਂ ਵਿਚ ਕਰ ਦਿਓਗੇ। ਅਸੀਂ ਦੁੱਚਿਤੇ ਰਹਿੰਦੇ ਹਾਂ। ਇਸ ਲਈ ਦ੍ਰਿਸ਼ਟੀ ਦੇ ਟੋਟੇ ਹੋ ਜਾਂਦੇ ਹਨ, ਯਤਨ ਦੇ ਵੀ, ਤੇ ਕਾਰਜ ਦੇ ਵੀ। ਕਿਸੇ ਵੀ ਕਾਰਜ ਲਈ ਮਿਹਨਤ ਚਾਹੀਦੀ ਹੈ, ਕਿਸੇ ਵੀ ਪ੍ਰਾਪਤੀ ਨੂੰ ਕੀਮਤ ਚਾਹੀਦੀ ਹੈ। ਸਾਡੀ ਦੁਚਿੱਤੀ ਏਸ ਕਰਕੇ ਹੈ ਕਿ ਅਸੀਂ ਉਹ ਬਣਦੀ ਮਿਹਨਤ ਜਾਂ ਕੀਮਤ ਤਾਰਣ ਲਈ ਤਿਆਰ ਨਹੀਂ ਹੁੰਦੇ। ਜਿਸ ਸੁਤੰਤਰਤਾ ਲਈ ਗੁਰੂ ਜੀ ਲੜ ਰਹੇ ਸਨ, ਜੇ ਉਹਦੀ ਕੀਮਤ ਉਨ੍ਹਾਂ ਦੀ ਔਲਾਦ ਸੀ, ਜਾਂ ਉੱਜੜ ਜਾਣਾ ਸੀ – ਤਾਂ ਉਹ ਕੀਮਤ ਤਾਰਣ ਵੇਲ਼ੇ ਦੁਚਿੱਤੇ ਨਹੀਂ ਹੋਏ। ਨਾ ਕੋਈ ਦੁਚਿੱਤੀ ਉਨ੍ਹਾਂ ਦੀ ਕਵਿਤਾ ਵਿਚ ਦਿਸਦੀ ਹੈ।"

ਮੈਂ ਪੁੱਛਿਆ: "ਗੁਰੂ ਗੋਬਿੰਦ ਸਿੰਘ ਕਵੀ ਵੀ ਸਨ ਤੇ ਕਰਤਾ ਵੀ। ਕੀ ਜ਼ਰੂਰੀ ਹੈ-ਕਵੀ ਐਕਟਿਵਿਸਟ ਵੀ ਹੋਵੇ ?"

ਪਾਤਰ ਬੋਲੇ: "ਇਕਬਾਲ ਕਹਿੰਦਾ ਹੈ ਕਿ ਕਵੀ ਜਾਂ ਤਾਂ ਨੱਚਣ ਵਾਲ਼ਾ ਹੋ ਸਕਦਾ ਹੈ ਜਾਂ ਤਬਲੇ ਤੇ ਥਾਪ ਦੇਣ ਵਾਲ਼ਾ, ਪਰ ਦੋਵੇਂ ਨਹੀਂ ਹੋ ਸਕਦਾ। ਜਿਹੜਾ ਕਵੀ ਇਕ ਕਾਰਜ ਚੁਣਦਾ ਹੈ ਉਹ ਇਕਬਾਲ ਬਣਦਾ ਹੈ। ਜਿਹੜਾ ਕਵੀ ਲੜਦਾ ਵੀ ਹੈ ਤੇ ਲਿਖ਼ਦਾ ਵੀ, ਉਹ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਬਣਦਾ ਹੈ। ਸਾਡਾ ਵਿੱਤ ਘੱਟ ਹੋਵੇ ਤਾਂ ਇਕਬਾਲ ਵਾਲੇ ਪਾਸੇ ਚਲੇ ਜਾਂਦੇ ਹਾਂ, ਵਿੱਤ ਵਧ ਹੋਵੇ ਤਾਂ ਗੁਰੂ ਗੋਬਿੰਦ ਸਿੰਘ ਵਲ। ਤੁਸੀਂ ਮਿਹਨਤ ਕਰਕੇ ਆਪਣਾ ਵਿੱਤ ਵਧਾ ਸਕਦੇ ਹੋ, ਪਰ ਆਪਣੇ ਵਿੱਤ ਤੋਂ ਬਾਹਰ ਨਹੀਂ ਜਾ ਸਕਦੇ। ਵਿੱਤ ਵਧਣ ਦੀ ਉਡੀਕ ਵਿਚ ਉਮਰ ਭਰ ਘਰ ਬੈਠੇ ਰਹਿਣ ਨਾਲੋਂ ਚੰਗਾ ਹੈ, ਜਿੰਨਾ ਵਿੱਤ ਹੋਵੇ ਓਨਾ ਕੰਮ ਹੀ ਕਰ ਦੇਣਾ..."

ਮੈਂ ਪੁੱਛਿਆ : 'ਬੰਦੇ ਦਾ ਵਿੱਤ ਘੱਟੋ ਘੱਟ ਕਿੰਨਾ ਕੁ ਹੋਣਾ ਚਾਹੀਦਾ ਹੈ?' ਪਾਤਰ ਮੁਸਕਰਾ ਕੇ ਬੋਲੇ : "ਏਨਾ, ਕਿ ਜ਼ਿੰਦਗੀ ਵਿਚ ਇਕ ਵਾਰੀ ਨਾਨਕ ਨੂੰ, ਕਬੀਰ ਨੂੰ, ਹਰਿਵੰਸ਼ ਰਾਏ ਜਾਂ ਇਕਬਾਲ ਨੂੰ-ਪੂਰੇ ਦਿਲ ਨਾਲ ਪੜ੍ਹ ਹੀ ਲਏ..."

*

ਮਹਿੰਦਰ ਸਿੰਘ ਰੰਧਾਵਾ ਦੇ ਚਲਾਣੇ ਮਗਰੋਂ ਸ਼ਰਧਾਂਜਲੀ ਦਿੰਦਿਆਂ ਪਾਤਰ ਨੇ ਖੇਤੀਬਾੜੀ ਯੂਨੀਵਰਸਿਟੀ ਦੇ ਸਾਹਿਤਕ ਪਰਚੇ ਵਿਚ ਲਿਖ਼ਿਆ:

"ਰੰਧਾਵਾ ਜੋ ਕਹਿੰਦਾ ਸੀ ਉਹ ਹੋ ਜਾਂਦਾ ਸੀ, ਕਰ ਦਿੱਤਾ ਜਾਂਦਾ ਸੀ। ਉਹਦਾ ਬੋਲ ਹੀ ਉਹਦਾ ਕਰਮ ਬਣ ਜਾਂਦਾ। ਏਹ ਕਿਵੇਂ ਸੰਭਵ ਹੁੰਦਾ ਹੈ? ਏਸ ਲਈ ਕਿ ਦੇਸ਼ ਦੀ ਸਰਕਾਰ

ਕੋਲ ਓਨੀ ਹੀ ਕਰੰਸੀ ਹੋ ਸਕਦੀ ਹੈ ਜਿੰਨਾ ਉਸ ਕੋਲ ਸੋਨਾ ਹੋਵੇ। ਰੰਧਾਵੇ ਅੰਦਰ ਯੋਗਤਾ ਨਿਸ਼ਠਾ ਤੇ ਦ੍ਰਿਸ਼ਟੀ ਦਾ ਏਨਾ ਸੋਨਾ ਸੀ ਕਿ ਉਹਦੇ ਬੋਲ ਦੀ ਕਰੰਸੀ ਨਾਲ ਵੱਡੇ ਵੱਡੇ ਕੰਮ ਝਟਪਟ ਵਾਪਰ ਜਾਂਦੇ ਸਨ ..."

*

20 ਸਾਲ ਪਹਿਲਾਂ ਮੈਂ ਵੈਨਕੂਵਰ ਵਿਚ ਸੁਰਜੀਤ ਪਾਤਰ ਦਾ ਕਵਿਤਾ-ਪਾਠ ਸੁਣਿਆ। 20 ਡਾਲਰ ਦੀ ਟਿਕਟ ਲੈ ਕੇ ਢਾਈ ਸੌ ਬੰਦੇ ਕੁਰਸੀਆਂ ਤੇ ਬੈਠੇ ਸਨ, ਏਨੇ ਹੀ ਕੰਧਾਂ ਨਾਲ ਲੱਗ ਕੇ ਖੜੇ ਸਨ। ਦੋ ਘੰਟੇ ਮਗਰੋਂ ਪ੍ਰਬੰਧਕਾਂ ਨੇ ਬੇਨਤੀ ਕੀਤੀ-ਸਭ ਲਈ ਪੀਜ਼ਾ ਆ ਗਿਆ ਹੈ, ਅੱਧੇ ਘੰਟੇ ਦਾ ਵਕਫ਼ਾ ਲਵਾਂਗੇ। ਕੋਈ ਆਪਣੀ ਥਾਂ ਤੋਂ ਨਹੀਂ ਹਿੱਲਿਆ। ਪੌਣੇ ਘੰਟੇ ਮਗਰੋਂ ਪਾਤਰ ਨੂੰ ਆਪ ਬੇਨਤੀ ਕਰਨੀ ਪਈ ਕਿ ਮੇਰੇ ਗਲ਼ੇ ਨੂੰ ਥੋੜ੍ਹੇ ਚਿਰ ਲਈ ਆਰਾਮ ਦੀ ਜ਼ਰੂਰਤ ਹੈ ਤਾਂ ਲੋਕ ਹਿੱਲੇ।

10 ਵਰ੍ਹੇ ਪਹਿਲਾਂ – ਸੁਰਜੀਤ ਪਾਤਰ ਬ੍ਰੈਂਪਟਨ ਦੇ ਰੋਜ਼ ਥੀਏਟਰ ਵਿਚ ਕਵਿਤਾ ਪੜ੍ਹਣ ਆਏ। 700 ਬੰਦਿਆਂ ਵਾਲ਼ੇ ਹਾਲ ਵਿਚ ਤਿਲ ਧਰਨ ਦੀ ਥਾਂ ਨਾ ਸੀ। ਪ੍ਰੋਗਰਾਮ ਮਗਰੋਂ ਕਈ ਜਣਿਆਂ ਰੋਸਾ ਕੀਤਾ: 'ਪਾਤਰ ਕਵਿਤਾ ਵੇਚ ਕੇ ਪੈਸੇ ਇਕੱਠੇ ਕਰਦਾ ਫ਼ਿਰਦੈ"। ਨਵਤੇਜ ਭਾਰਤੀ ਨੇ ਕਿਹਾ : "ਮੈਨੂੰ ਪਾਤਰ ਤੇ ਮਾਣ ਹੈ। ਮੈਂ ਉਹਦਾ ਧੰਨਵਾਦੀ ਹਾਂ ਕਿ ਜਿਸ ਭਾਸ਼ਾ ਦੇ ਲੋਕ ਮੁਫ਼ਤ ਮਿਲੀ ਕਿਤਾਬ ਵੀ ਨਹੀਂ ਪੜ੍ਹਦੇ, ਪਾਤਰ ਮੇਰੀ ਉਸੇ ਭਾਸ਼ਾ ਦੀ ਕਵਿਤਾ ਨੂੰ ਓਸ ਮੁਕਾਮ ਤਕ ਲੈ ਆਇਆ ਕਿ ਲੋਕ 25 ਡਾਲਰ ਟਿਕਟ ਖਰਚ ਕੇ, ਘੰਟਿਆਂ ਬੱਧੀ ਖੜੇ ਰਹਿ ਕੇ ਵੀ ਕਵਿਤਾ ਸੁਣਨ ਨੂੰ ਤਿਆਰ ਹਨ! ਪਾਤਰ ਨੇ ਕਵਿਤਾ ਨੂੰ ਉਹਦੇ ਹੱਕੀ ਸਿੰਘਾਸਨ ਤੇ ਲਿਆ ਬਿਠਾਇਆ ਹੈ।"

ਮੈਂ ਭਾਰਤੀ ਜੀ ਨੂੰ ਪੁੱਛਿਆ: ਪਾਤਰ ਦੀ ਪੰਜਾਬੀ ਸਾਹਿਤ ਜਾਂ ਸਭਿਆਚਾਰ ਨੂੰ ਵੱਡੀ ਦੇਣ ਕੀ ਹੈ? ਉਹ ਬੋਲੇ: "ਸ਼ਿਵ ਕੁਮਾਰ ਸਾਡਾ ਵੱਡਾ ਕਵੀ ਸੀ। ਉਹਦੀ ਭਾਸ਼ਾ ਦੀ ਅਮੀਰੀ ਵਿਰਲੇ ਲੇਖਕਾਂ ਕੋਲ ਸੀ। ਉਹ ਇਕ ਇਕ ਸ਼ਬਦ ਤੇ ਜਿੰਨੀ ਮਿਹਨਤ ਕਰਦਾ ਸੀ, ਓਹਦੇ ਸਮਾਕਲੀਆਂ ਨੂੰ ਵੀ ਪਤਾ ਨਾ ਸੀ, ਪਾਠਕਾਂ ਨੂੰ ਤਾਂ ਕੀ ਪਤਾ ਹੁੰਦੀ। ਪਰ ਲੂਣਾ-ਕਾਵਿ ਤੋਂ ਇਲਾਵਾ ਉਹਦੀ ਸੰਵੇਦਨਾ ਇਕਹਿਰੀ ਸੀ-ਬਿਰਹਾ ਦੀ ਪਰਿਕਰਮਾ ਵਿਚ ਬੱਝੀ। ਜਦ ਇਹ ਵਿਕਣ ਲੱਗ ਪਈ ਤਾਂ ਉਹ ਏਹਦਾ ਕੈਦੀ ਹੋ ਗਿਆ। ਜਦ ਨੂੰ ਉਹਨੇ ਏਹ ਦਾਇਰਾ ਭੰਨਣ ਦੀ ਕੋਸ਼ਿਸ਼ ਕੀਤੀ, ਉਹਦੇ ਕੋਲ ਸਮਾਂ ਮੁੱਕ ਗਿਆ। ਪਰ ਉਹਦੇ ਪ੍ਰਭਾਵ ਹੇਠ

ਪੰਜਾਬ ਦੇ ਨੌਜੁਆਨ ਮੁੰਡੇ ਤੇ ਕੁੜੀਆਂ ਬਿਰਹਾ ਤੇ ਦੁੱਖ ਵਿਚ ਸਿਰ ਡੁੱਬਦੀ ਜਮਾਤ ਬਣ ਗਏ। ਉਨ੍ਹਾਂ ਦਾ ਕੋਈ ਸਮਾਜਕ ਸਰੋਕਾਰ ਨਾ ਰਿਹਾ, ਦੂਜਿਆਂ ਪ੍ਰਤੀ ਫ਼ਿਕਰ ਮੁੱਕਣ ਲੱਗੇ। ਇਹ ਸ਼ਿਵ ਦਾ ਮਿਥਿਆ ਮਕਸਦ ਨਹੀਂ ਸੀ, ਪਰ ਵਾਪਰਿਆ ਇੰਜ ਹੀ। ਪਾਤਰ ਨੇ ਉਨ੍ਹਾਂ ਨੂੰ ਏਸ ਮਨੋਰੋਗ ਵਿਚੋਂ ਕੱਢਿਆ 'ਤੇ ਦਿਖਾਇਆ ਕਿ ਲੋਕ ਕਿਸ ਦੁੱਖ, ਬੇਬਸੀ ਅਤੇ ਅਨਿਆਂ ਵਿਚ ਗਰਕ ਹਨ। ਇਹ ਕਹਿਣਾ ਸਹੀ ਨਹੀਂ ਕਿ ਪਾਤਰ ਸਰੋਦੀ ਸੁਰ ਨਾਲ ਆਪਣੇ ਪਾਠਕਾਂ ਨੂੰ ਸੁਆ ਦੇਂਦਾ ਹੈ। ਪਾਤਰ ਦੇ ਪਾਠਕ ਪਹਿਲੇ ਸਮਿਆਂ ਨਾਲੋਂ ਵਧ ਜਾਗੇ ਹੋਏ ਹਨ। ਏਹ ਉਹਦੀ ਦੇਣ ਵੀ ਹੈ ਤੇ ਪ੍ਰਾਪਤੀ ਵੀ।"

ਮੈਂ ਆਪਣੇ ਸਿਆਣੇ ਲਿਖਾਰੀ ਮਿੱਤਰ ਢਪਾਲੀ ਵਾਲ਼ੇ ਸ਼ਮਸ਼ੇਰ ਭੁੱਲਰ ਨੂੰ ਪੁੱਛਿਆ: 'ਪੰਜਾਬੀ ਕਵਿਤਾ ਵਿਚ ਸੁਰਜੀਤ ਪਾਤਰ ਦੇ ਚਲਦੇ ਸਿੱਕੇ ਪਿੱਛੇ ਕਿਹੜਾ ਸੋਨਾ ਹੈ?'

ਸ਼ਮਸ਼ੇਰ ਬੋਲਿਆ : "8 ਇੱਟਾਂ ਦਾ। ਪਹਿਲੀ– ਪਾਤਰ ਅੰਦਰ ਪਿੰਡ ਆਪਣੀ ਬੋਲੀ ਅਤੇ ਸਭਿਆਚਾਰ ਸਮੇਤ ਵੱਸਿਆ ਹੋਇਐ। ਦੂਜੀ– ਉਹਨੇ ਬਚਪਨ ਵਿਚ ਹੀ ਦੁੱਖ, ਤੰਗੀ, ਉਦਾਸੀ ਤੇ ਵਿਛੋੜਾ ਝੱਲਿਆ। ਤੀਜੀ- ਉਹਨੇ ਪੰਜਾਬੀ ਦਾ ਸਾਰਾ ਸੂਫ਼ੀ ਕਾਵਿ, ਹਿੰਦੂ ਮਿਥਿਹਾਸ ਤੇ ਆਦਿ ਗ੍ਰੰਥ ਗੁੜ੍ਹਿਆ ਹੋਇਐ। ਚੌਥੀ– ਉਹਨੇ ਲੋਰਕਾ, ਬ੍ਰੈਖਤ, ਨੇਰੂਦਾ ਅਤੇ ਦੱਖਣੀ ਅਮਰੀਕੀ ਸਾਹਿਤਕ ਸੰਵੇਦਨਾ ਆਤਮਸਾਤ ਕੀਤੀ ਹੋਈ ਹੈ। ਪੰਜਵੀਂ– ਉਹਦੇ ਲਹੂ ਵਿਚ ਸੰਗੀਤ ਘੁਲਿਆ ਹੋਇਐ। ਛੇਵੀਂ– ਉਹਨੇ ਨਕਸਲਵਾਦੀ ਦੌਰ ਦੀ ਸਾਣ ਤੇ ਆਪਣੀ ਕਵਿਤਾ ਤਿੱਖੀ ਕੀਤੀ। ਸੱਤਵੀਂ– ਫ਼ੈਜ਼ ਵਾਂਗ ਉਹ ਨਿਜੀ ਮੁਹੱਬਤ ਤੇ ਲੋਕਾਂ ਦੀ ਮੁੱਹਬਤ ਦੀ ਕਵਿਤਾ ਇਕੋ ਜਿੰਨੀ ਸਮਰੱਥਾ ਨਾਲ ਇਕੋ ਵੇਲੇ ਕਹਿ ਸਕਦੈ। ਅਠਵੀਂ– ਉਹਨੂੰ ਆਪਣੀ ਧਰਤੀ, ਲੋਕਾਂ ਤੇ ਆਪਣੀ ਭਾਸ਼ਾ ਨਾਲ-ਸੱਚੀਂ ਪਿਆਰ ਤੇ ਫ਼ਿਕਰ ਹੈ!"

*

## ਪਾਸ਼, ਪਾਤਰ, ਪ੍ਰਤਿਰੋਧ ਦੀ ਕਵਿਤਾ

ਕਵਿਤਾ ਨੂੰ ਪਹਿਲਾਂ ਅਸੀਂ ਸੁਚੇਤ ਮਨ ਨਾਲ ਸਮਝਦੇ ਹਾਂ, ਪਰ ਲਿਖੀ ਪੜ੍ਹੀ ਜਾ ਰਹੀ 95% ਕਵਿਤਾ ਸੁਚੇਤ ਮਨ ਵਿਚ ਦਾਖ਼ਲ ਹੋ ਕੇ ਓਥੋਂ ਹੀ ਵਿਦਾ ਹੋ ਜਾਂਦੀ ਹੈ। ਕਵਿਤਾ ਓਹੀ ਤਾਕਤਵਰ ਤੇ ਚਿਰੰਜੀਵੀ ਹੁੰਦੀ ਜਿਹੜੀ ਸਾਡੇ ਅਚੇਤ ਵਿਚ ਵੜ ਜਾਵੇ। ਸਾਡੀਆਂ ਕਦਰਾਂ ਕੀਮਤਾਂ ਵਿਸ਼ਵਾਸ ਓਥੇ ਪਏ ਹੁੰਦੇ ਹਨ। ਓਥੇ ਪਹੁੰਚੇ ਬਿਨਾ ਕਵਿਤਾ ਉਨ੍ਹਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ। ਪਾਸ਼ ਤੇ ਪਾਤਰ ਇੱਕੋ ਕੱਦ ਦੇ ਕਵੀ ਸਨ/ਹਨ। ਪਾਤਰ

ਤੇ ਪਾਸ਼ ਦੋਹਾਂ ਦੀ ਕਵਿਤਾ ਸਾਡੇ ਅਚੇਤ ਵਿਚ ਪ੍ਰਵੇਸ਼ ਕਰ ਜਾਂਦੀ ਹੈ ਬਾਵਜੂਦ ਕਿ ਦੋਹਾਂ ਦਾ ਸੁਰ, ਸੰਬੋਧਨ, ਲਹਿਜਾ, ਫੋਕਸ, ਬਿੰਬ, ਬਣਤਰ, ਰਚਨਾ ਤੇ ਰਫ਼ਤਾਰ ਵੱਖੋ ਵੱਖਰੇ ਹਨ।

ਧਿਆਨ ਸਾਧਨਾ ਵਿਚ ਲਹਿਣ ਵਾਲੇ ਇਹ ਫ਼ਰਕ ਜਾਣਦੇ ਹਨ ਕਿ ਬੋਲਣ ਜਾਂ ਪ੍ਰਤੀਕਿਰਿਆ ਕਰਨ ਦੇ ਦੋ ਤਲ ਹਨ: ਮਨ ਅਤੇ ਚੇਤਨਾ। ਮਨ ਵਿਚ ਜੀਣ ਵਾਲਾ ਪ੍ਰਤੀਕਿਰਿਆ ਕਰਦਾ ਹੈ, ਚੇਤਨਾ ਵਿਚ ਜੀਣ ਵਾਲ਼ਾ ਕਿਰਿਆ ਕਰਦਾ ਹੈ। ਮਨ ਵਿਚ ਜੀਣ ਵਾਲਾ ਕਰਮਯੋਗੀ ਹੁੰਦਾ ਹੈ, ਚੇਤਨਾ ਵਿਚ ਜੀਣ ਵਾਲਾ ਦੁਆਲੇ ਵਾਪਰਦੇ ਵਰਤਾਰਿਆਂ ਦਾ (ਅਤੇ ਆਪਣੇ ਕੀਤੇ ਕਰਮ ਦਾ ਵੀ) ਦਰਸ਼ਕ ਬਣ ਕੇ ਜੀਂਦਾ ਹੈ। ਇਹ ਉਨ੍ਹਾਂ ਦਾ ਮੁਢਲਾ ਅੰਤਰ ਹੈ।

ਆਨੰਦਪੁਰ ਦੀ ਜੰਗ ਵਿਚ ਭਾਈ ਘਨੱਈਆ ਚੇਤਨਾ ਦੇ ਤਲ ਤੇ ਲੜ ਰਿਹਾ ਹੈ। ਗੁਰੂ ਜੀ ਨੂੰ ਉਹਦੀ ਸ਼ਿਕਾਇਤ ਕਰਨ ਵਾਲ਼ੇ ਸਿੰਘ ਮਨ ਦੇ ਤਲ ਤੇ ਲੜ ਰਹੇ ਹਨ। ਦੋਹਾਂ ਦਾ ਗੁਰੂ ਇੱਕੋ ਹੈ, ਲੜਾਈ ਵੀ ਇੱਕੋ, ਪਰ ਯੁੱਧ ਵਿਚ ਦੋਹਾਂ ਦੀ ਪ੍ਰਤੀਕਿਰਿਆ ਅੱਡੋ ਅੱਡ ਹੈ। ਲੜਦੇ ਸਿੱਖ ਫੌਜੀ ਵੇਖ ਰਹੇ ਹਨ ਕਿ ਉਨ੍ਹਾਂ ਨੂੰ ਕੀ ਵਾਪਰ ਰਿਹਾ ਹੈ। ਘਨੱਈਆ ਵੇਖ਼ ਰਿਹਾ ਹੈ ਮਨੁੱਖਾਂ ਨੂੰ ਕੀ ਵਾਪਰ ਰਿਹਾ ਹੈ। ਉਸ ਜੰਗ ਵਿਚ ਸਿੰਘਾਂ ਦੀ ਕਿਰਪਾਨ ਆਪਣੇ ਬਚਾਅ ਅਤੇ ਦੂਜੇ ਦੀ ਮੌਤ ਵਾਸਤੇ ਹੈ। ਇਹ ਕਵਿਤਾ ਸ਼ਾਇਦ ਜਸਵੰਤ ਜ਼ਫ਼ਰ ਨੇ ਲਿਖੀ ਹੈ ਕਿ ਗੁਰੂ ਜੀ ਹੱਸ ਕੇ ਘਨਈਏ ਨੂੰ ਕਿਰਪਾਨ ਪਹਿਨਣ ਦਾ ਕਾਰਣ ਪੁੱਛਦੇ ਹਨ (ਜੇ ਓਹਨੇ ਲੜਣਾ ਹੀ ਨਹੀਂ) ਤਾਂ ਕਹਿੰਦਾ ਹੈ-"ਜਦ ਕੋਈ ਮੈਨੂੰ ਮਾਰਣ ਆਵੇਗਾ ਤਾਂ ਆਖਾਂਗਾ-ਪਿਆਰੇ! ਆਪਣਾ ਸ਼ਸਤਰ ਮੇਰੇ ਲਹੂ ਨਾਲ ਕਿਉਂ ਮੈਲ਼ਾ ਕਰਦਾ ਹੈਂ? ਲੈ ਮੇਰੇ ਗੁਰੂ ਦੀ ਬਖ਼ਸ਼ੀ ਕਿਰਪਾਨ ਤੇ ਮੈਨੂੰ ਏਸੇ ਨਾਲ ਮਾਰ!" ... ਲੜਣ ਦਾ ਇਹ ਤਰੀਕਾ ਅਸਾਧਾਰਣ ਅਤੇ ਅਨੋਖਾ ਹੈ ! ਘਨਈਆ ਜੰਗ ਤੋਂ ਭੱਜ ਨਹੀਂ ਰਿਹਾ, ਜੰਗ ਨੂੰ ਕਿਸੇ ਹੋਰ ਤਲ ਤੇ ਲੜ ਰਿਹਾ ਹੈ।

*

ਪਾਸ਼ ਦੀ ਕਵਿਤਾ ਮਨ ਦੇ ਤਲ ਤੋਂ ਉਠਦੀ ਹੈ, ਪਾਤਰ ਦੀ ਚੇਤਨਾ ਦੇ ਤਲ ਤੋਂ।

ਪਾਸ਼ ਨੇ ਛੰਦ ਨਹੀਂ ਵਰਤਿਆ। ਉਹਦੀ ਆਵਾਜ਼ ਦੀ ਗੂੰਜ ਉੱਚੀ ਅਤੇ ਧਾਰ ਤਿੱਖੀ ਸੀ। ਉਹਦੇ ਸ਼ਬਦ ਪ੍ਰਚੰਡ ਲਹਿਰਾਂ ਵਾਂਗ ਉਠਦੇ। ਉਨ੍ਹਾਂ ਦੀ ਟੁਣਕਾਰ ਨੰਗੀ, ਦਗਦੀ ਤੇ

ਮੌਲਿਕ ਸੀ। ਰੁੱਖੇ ਸ਼ਬਦ, ਜਿੰਨ੍ਹਾਂ ਨੂੰ ਕਹਿਣ ਦਾ ਰਵਾਜ ਨਹੀਂ ਸੀ, ਪਾਸ਼ ਦੀ ਕਵਿਤਾ ਵਿਚ ਦਾਖ਼ਲ ਹੋ ਕੇ ਤਾਕਤਵਰ ਬਿੰਬ ਬਣ ਜਾਂਦੇ, ਪਾਠਕ ਨੂੰ ਚੀਰ ਕੇ ਲੰਘ ਜਾਂਦੇ। ਜੁਝਾਰ-ਧਾਰਾ ਦੇ ਮੁੱਕ ਜਾਣ ਮਗਰੋਂ ਵੀ ਪਾਸ਼ ਦਾ ਕਵੀ ਵਜੋਂ ਸਾਰਥਕ ਬਣੇ ਰਹਿਣਾ ਏਸ ਗੱਲ ਦਾ ਸਬੂਤ ਹੈ ਕਿ ਉਹਦੀ ਤਾਕਤ ਕਿਸੇ ਲਹਿਰ ਵਿਚ ਨਹੀਂ, ਸਗੋਂ ਉਹਦੇ ਯੁੱਧ-ਸਿਧਾਂਤ ਅਤੇ ਕਾਵਿਕ-ਮੁਹਾਵਰੇ ਵਿਚ ਸੀ ਜਿਸ ਬਾਰੇ ਉਹ ਸਪਸ਼ਟ ਸੀ:

ਸ਼ਬਦ ਜੋ ਰਾਜਿਆਂ ਦੀਆਂ ਘਾਟੀ 'ਚ ਨੱਚਦੇ ਹਨ
ਜੋ ਮਾਸ਼ੂਕ ਦੀ ਧੁੰਨੀ ਦਾ ਖੇਤਰਫਲ ਮਿਣਦੇ ਹਨ
ਜੋ ਮੇਜ਼ਾਂ ਤੇ ਟੈਨਿਸ ਵਾਂਗ ਰਿੜ੍ਹਦੇ ਹਨ
ਜੋ ਮੰਚਾਂ ਦੀ ਕੱਲਰ-ਭੋਂ ਤੇ ਉਗਦੇ ਹਨ
ਕਵਿਤਾ ਨਹੀਂ ਹੁੰਦੇ ...

ਨਿਰੰਤਰ ਲੜਦਿਆਂ ਵੀ ਪਾਸ਼ ਨਾ ਪ੍ਰੇਮ ਤੋਂ ਸੱਖਣਾ ਸੀ, ਨਾ ਸੁਹਜ ਤੋਂ:

ਮੈਂ ਮਲ ਮਲ ਕੇ ਤਰੇਲਾ ਕਣਕ ਪਿੰਡਾ ਕੂਚਦੀ ਵੇਖੀ
ਮੇਰੇ ਤੱਕਣ ਤੇ ਉਸਦੇ ਮੁਖ ਤੇ ਆਉਂਦੀ ਸੰਗ ਨੂੰ ਤੱਕਿਆ ਹੈ
ਮੈਂ ਵਗਦੀ ਆਡ ਤੇ ਵਿਛਦੀ ਤੱਕੀ ਹੈ ਧੁੱਪ ਚਾਨਣ ਦੀ
ਮੈਂ ਰਾਤੀਂ ਸੁੱਤਿਆਂ ਬਿਰਛਾਂ ਨੂੰ ਚੁੰਮਦੇ ਤੱਕਿਆ ਹੈ

ਪਰ ਪਾਸ਼ ਜਿਸ ਮੁਹਾਵਰੇ ਲਈ ਜਾਣਿਆ ਗਿਆ ਤੇ ਚਾਹਿਆ ਗਿਆ, ਉਹ ਇਹੀ ਸੀ:

ਧੁੱਪ ਵਾਂਗ ਧਰਤੀ ਤੇ ਖਿੜ ਜਾਣਾ
ਤੇ ਫਿਰ ਗਲਵਕੜੀ ਵਿਚ ਸਿਮਟ ਜਾਣਾ
ਬਾਰੂਦ ਵਾਂਗ ਭੜਕ ਉਠਣਾ ਤੇ ਚੌਹਾਂ ਕੂੰਟਾਂ ਅੰਦਰ ਗੂੰਜ ਜਾਣਾ
ਜੀਣ ਦਾ ਇਹੋ ਹੀ ਸਲੀਕਾ ਹੁੰਦਾ ਹੈ ...

ਪਾਸ਼ ਜੀਂਦਾ ਰਹਿੰਦਾ ਤਾਂ ਅਸੀਂ ਉਹਦੀ ਕਵਿਤਾ ਦੇ ਜੁਝਾਰੂ ਤੋਂ ਬਿਨਾ ਹੋਰ ਰੰਗ ਵੀ ਵੇਖਦੇ। ਉਹਦੀ ਬਗ਼ਾਵਤ ਦਾ ਮੁਹਾਵਰਾ ਵੀ ਸ਼ਾਇਦ ਨਵਾਂ ਨਜ਼ਰ ਆਉਂਦਾ ਕਿਉਂਕ ਉਹਦੇ ਅੰਦਰ ਸਵੈ-ਪੜਚੋਲ ਦੀ ਸਮਰੱਥਾ ਅਤੇ ਸਵੈ-ਤਬਦੀਲੀ ਦੀ ਸਿੱਕ ਸਦਾ ਜਾਗਦੀ ਰਹੀ। ਆਪਣੀ ਅੰਤਮ ਮੁਲਾਕਾਤ ਵਿਚ ਉਹਨੇ ਕਵੀ ਅਜਮੇਰ ਰੋਡੇ ਨੂੰ ਕਿਹਾ ਸੀ- "ਮੈਂ ਤਾਂ ਹਾਲੇ ਤਕ ਆਪਣੇ ਮੁਹਾਵਰੇ ਦੀ ਭਾਲ਼ ਵਿਚ ਹਾਂ"। ਉਹ ਇਕੱਲਾ ਹੀ ਏਨੇ ਜੋਗਾ ਹੈ ਸੀ ਕਿ

ਖੱਬੀ ਲਹਿਰ ਵਿਚੋਂ ਨਦੀਨ ਕੱਢ ਕੇ ਏਹਨੂੰ ਮੁੜ ਪੱਕੇ ਪੈਰੀਂ ਪੰਜਾਬ ਦੀ ਧਰਤੀ ਤੇ ਬੀਜ ਦਿੰਦਾ, ਏਹਦਾ ਖਿੜਣਾ ਵੀ ਤੱਕਦਾ, ਪਰ ਏਦੂੰ ਪਹਿਲਾਂ ਚਲਾ ਗਿਆ।

ਪਾਤਰ ਚੇਤਨਾ ਦੇ ਪੱਧਰ ਤੇ ਜਿਉਣ ਵਾਲ਼ਾ ਮਨੁੱਖ ਸੀ। ਅਜਿਹਾ ਸੋਚਵਾਨ ਮਨੁੱਖ ਸਿਰੇ (ਐਕਸਟ੍ਰੀਮ) ਤੇ ਨਹੀਂ, ਮੱਧ ਵਿਚ ਜੀਂਦਾ ਤੇ ਬੋਲਦਾ ਹੈ। ਪ੍ਰਗਟਾਵੇ ਲਈ ਮੱਧ ਵਿਚ ਹੋਣ ਦਾ ਅਰਥ ਸਮਝੌਤਾਵਾਦੀ ਹੋਣਾ ਨਹੀਂ ਹੁੰਦਾ। ਏਹ ਅਰਥ ਹੁੰਦਾ ਹੈ ਕਿ ਉਹ ਵਿਅਕਤੀ ਭਾਵਾਂ ਨੂੰ ਵਿਅਕਤ ਕਰਨ ਵੇਲ਼ੇ ਉਲਾਰ ਨਹੀਂ ਹੁੰਦਾ, ਸੱਚ ਨੂੰ ਸਾਵੇਂ ਸ਼ਬਦਾਂ ਵਿਚ ਆਖ਼ਦਾ ਹੈ, ਲਲਕਾਰੇ ਨਹੀਂ ਮਾਰਦਾ। ਦੱਖਣ ਭਾਰਤ ਵਿਚ ਨਾਚ ਕਰਨ ਵਾਲਾ ਨੱਚਣ ਵੇਲੇ ਪੂਰੀ ਸ਼ਕਤੀ ਨਾਲ ਧਰਤੀ ਤੇ ਧਮਕ ਮਾਰਦਾ ਹੈ, ਪਰ ਨੱਚਣ ਤੋਂ ਪਹਿਲਾਂ ਧਰਤੀ ਨੂੰ ਛੋਹ ਕੇ ਜਾਂ ਮੱਥਾ ਟੇਕ ਕੇ ਬੇਨਤੀ ਕਰਦਾ ਹੈ ਕਿ ਮੇਰੇ ਪੈਰ ਹੁਣ ਤੈਨੂੰ ਸੱਟ ਮਾਰਣਗੇ, ਕਿਰਪਾ ਕਰਕੇ ਮੈਨੂੰ ਇਉਂ ਕਰ ਸਕਣ ਦੀ ਆਗਿਆ ਦੇਹ! ਇਹ ਚੇਤੰਨ ਨਾਚੇ ਦੀ ਅਵਸਥਾ ਹੈ:

ਮੈਂ ਚਲਾ ਕੇ ਤੀਰ ਕਮਾਨ 'ਚੋਂ, ਰੱਤ ਸਿੰਮਦੀ ਸੋਚਾਂ ਨਿਸ਼ਾਨ 'ਚੋ
ਤਾਂ ਦੁਆ ਇਹ ਨਿਕਲੇ ਜ਼ੁਬਾਨ 'ਚੋਂ, ਮੇਰਾ ਤੀਰ ਡਿੱਗ ਪਏ ਉਰੇ ਪਰੇ
ਕੋਈ ਲਫ਼ਜ਼ ਲਫ਼ਜ਼ਾਂ ਦੇ ਸਾਕ ਵਿਚ, ਨਾ ਘੁਟਨ ਸਹੇ ਕਿਸੇ ਵਾਕ ਵਿਚ
ਤਦੇ ਝਿਜਕਦਾਂ ਕੁਝ ਆਖ਼ਦਾ, ਕੁਝ ਲਿਖ਼ਦਿਆਂ ਮੇਰਾ ਮਨ ਡਰੇ

ਇਹ ਡਰੇ ਹੋਏ ਬੰਦੇ ਦੀ ਨਹੀਂ, ਸੰਵੇਦਨਾ ਨਾਲ ਲਰਜ਼ਦੇ ਹਿਰਦੇ ਦੀ ਕਵਿਤਾ ਹੈ। ਅਜਿਹੀ ਸੂਖਮਤਾ ਪੰਜਾਬੀ ਦੇ ਵਿਰਲੇ ਕਵੀਆਂ ਹਿੱਸੇ ਆਈ ਹੈ ਜਿਹੜੇ ਏਸ ਫ਼ਿਕਰ ਵਿਚ ਹੋਣ ਕਿ ਮਨੁੱਖ ਤਾਂ ਮਨੁੱਖ, ਉਨ੍ਹਾਂ ਦੇ ਲਿਖ਼ਣ ਨਾਲ ਸ਼ਬਦਾਂ ਤੇ ਵਾਕਾਂ ਨੂੰ ਵੀ ਕੀ ਵਾਪਰ ਰਿਹਾ ਹੈ ?

ਨਵਤੇਜ ਭਾਰਤੀ ਹੁਰਾਂ ਅਨੁਸਾਰ: "ਪਾਤਰ ਨਿਜੀ ਜੀਵਨ ਵਿਚ ਵੀ ਸਹਿਜ ਅਤੇ ਨਿੰਮ੍ਹਾਂ ਬੋਲਦਾ ਸੀ, ਤੇ ਕਵਿਤਾ ਵਿਚ ਵੀ। ਨਕਸਲੀ ਨੂੰ ਲਗਦਾ ਹੈ- ਪਾਤਰ ਕਮਜ਼ੋਰ ਹੈ। ਇਹ ਸੱਚ ਨਹੀਂ। ਨੇਰੂਦਾ ਵੀ ਵੱਡੀਆਂ ਗੱਲਾਂ ਧੀਮੀ ਆਵਾਜ਼ ਵਿਚ ਕਰ ਜਾਂਦਾ ਹੈ। ਪਾਤਰ ਬਹੁਤੇ ਬਿੰਬ ਨਹੀਂ ਵਰਤਦਾ। ਕਵਿਤਾ ਵਿਚ ਕਈ ਥਾਈਂ ਏਨਾ ਸਾਦਾ ਹੋ ਜਾਂਦਾ ਹੈ ਕਿ ਕਾਵਿਕ ਹੀ ਨਹੀਂ ਲਗਦਾ (ਜਿਵੇਂ : "ਇਹ ਬਾਤ ਨਿਰੀ ਏਨੀ ਹੀ ਨਹੀਂ ਨਾ ਹੀ ਮਸਲਾ ਸਿਰਫ਼ ਕਿਸਾਨ ਦਾ ਏ/ਇਹ ਪਿੰਡ ਦੇ ਵਸਦੇ ਰਹਿਣ ਦਾ ਏ ਜਿੰਨੂੰ ਤੌਖਲਾ ਉੱਜੜ ਜਾਣ ਦਾ ਏ"). ਕਈ ਨੋਬਲ ਇਨਾਮ ਜੇਤੂ ਕਵੀ ਵੀ ਏਨੀ ਹੀ ਸਾਦਗੀ ਨਾਲ ਲਿਖ਼ਦੇ ਹਨ। ਜੇ

ਬੰਦਾ ਮੈਟਾਫ਼ਰ ਤੋਂ ਬਿਨਾ ਵੀ ਆਪਣੀ ਗੱਲ ਕਰ ਸਕੇ ਤਾਂ ਵਧੀਆ ਗੱਲ ਹੈ। ਪਾਤਰ ਕੋਲ ਮੈਟਾਫ਼ਰ ਸਨ, ਆਵਾਜ਼ ਵੀ ਸੀ, ਪਰ ਉਹਨੂੰ ਦੋਹਾਂ ਦੀ ਪਰਵਾਹ ਨਹੀਂ ਸੀ। ਉਹਦੀ ਪਰਵਾਹ ਉਸ ਵਿਸ਼ੇ ਜਾਂ ਨੁਕਤੇ ਲਈ ਸੀ ਜਿਹੜਾ ਉਸਨੇ ਉਠਾਉਣਾ ਹੁੰਦਾ ਸੀ ..."

ਟੋਰਾਂਟੋ ਵਸਦੇ ਲੇਖਕ ਹਰਮਿੰਦਰ ਢਿੱਲੋਂ ਅਨੁਸਾਰ: "ਇਹ ਸਿਰਫ਼ ਪਾਤਰ ਦੀ ਹੀ ਨਹੀਂ, ਪੰਜਾਬੀ ਕਵਿਤਾ ਦੀ ਵੱਡੀ ਪ੍ਰਾਪਤੀ ਹੈ ਕਿ ਢਾਡੀ ਵਾਰਾਂ ਦੀ ਗੂੰਜ, ਨਕਸਲੀ ਦੌਰ, ਖਾਲਿਸਤਾਨੀ ਸ਼ੋਰ, ਅਤੇ ਸਰਕਾਰੀ ਜਬਰ ਦੀ ਚਿੱਥਣ ਵਿਚੋਂ ਲੰਘਿਦਆਂ ਸੁਰਜੀਤ ਪਾਤਰ ਬਿਨਾ ਉੱਚੀ ਸੁਰ ਤੋਂ ਵੀ ਏਨੇ ਦਹਾਕੇ ਪੰਜਾਬੀ ਦਾ ਸਿਰਮੌਰ ਕਵੀ ਬਣਿਆ ਰਿਹਾ ..."

*

ਕਵੀ ਪਾਠਕ ਦੇ ਦੁੱਖ ਦੀ ਗੱਲ ਕਰਦਾ ਹੈ, ਪਰ ਸੁਰ ਆਪਣਾ ਚੁਣਦਾ ਹੈ। ਸੁਆਲ ਇਹ ਹੈ ਕਿ ਉਹ ਆਪਣੇ ਚੁਣੇ ਸੁਰ ਨੂੰ ਨਿਭਾਉਂਦਾ ਕਿਵੇਂ ਹੈ? ਪਾਤਰ ਦਾ ਸੁਰ ਪਾਸ਼ ਨਾਲੋਂ ਵੱਖਰਾ ਸੀ। ਨਾ ਪਾਸ਼ ਨੇ ਆਪਣਾ ਸੁਰ ਰਹਿੰਦੀ ਉਮਰ ਬਦਲਿਆ, ਨਾ ਪਾਤਰ ਨੇ। ਉਨ੍ਹਾਂ ਅੰਦਰ ਆਪਣੇ ਸੁਰ ਨੂੰ ਲੈ ਕੇ ਦੁਬਿਧਾ, ਜੇ ਕੋਈ ਸੀ, ਤਾਂ ਉਹੀ ਜਾਣਦੇ ਸਨ। ਪਾਸ਼ ਤੀਵਰ ਸੁਰ ਦਾ ਕਵੀ ਸੀ, ਪਾਤਰ ਕੋਮਲ ਸੁਰ ਦਾ। ਪਾਸ਼ ਦੀ ਕਵਿਤਾ ਹਵਾ ਵਿਚ ਉਡਦਾ ਬਾਜ਼ ਸੀ, ਪਾਤਰ ਦੀ ਕਵਿਤਾ ਹਵਾ ਵਿਚ ਲਿਖੇ ਹਰਫ਼ ਸਨ। ਨਾ ਪਾਸ਼ ਆਪਣੀ ਆਵਾਜ਼ ਦੇ ਰੋਅਬ ਨਾਲ ਸਾਡੇ ਅੰਦਰ ਘੁਸ ਰਿਹਾ ਸੀ, ਨਾ ਪਾਤਰ ਸੰਗੀਤ ਦੀ ਸੱਬਲ ਨਾਲ਼ ਸਾਨੂੰ ਸੰਨ੍ਹ ਲਾ ਰਿਹਾ ਸੀ (ਜਿਵੇਂ ਕਿ ਆਮੂਮਨ ਜਾਪਦਾ ਹੈ)। ਪਰ ਪਾਤਰ ਦੀ ਮੱਧਮ ਸੁਰ ਵਿਚ ਲਿਖ਼ੀ ਖੁਲ੍ਹੀ ਕਵਿਤਾ ਵੀ ਸਾਡੇ ਅਚੇਤ ਵਿਚ ਪਾਸ਼ ਦੀ ਖਾੜਕੂ ਖੁਲ੍ਹੀ ਕਵਿਤਾ ਵਾਂਗ ਹੀ ਦਾਖ਼ਲ ਹੋ ਜਾਂਦੀ ਹੈ। ਕਿਉਂ? ਏਸ ਲਈ ਕਿ ਦੋਹਾਂ ਦੀ ਕਵਿਤਾ ਦੀ ਰੀੜ੍ਹ ਵਿਚਾਰ ਨਾਲ ਬੁਣੀ ਹੋਈ ਸੀ। ਵਿਚਾਰ-ਜਿਹੜੇ ਸਾਡਾ ਹੀ ਫ਼ਿਕਰ ਕਰ ਰਹੇ ਸਨ। ਏਸੇ ਕਰਕੇ ਦੋਹਾਂ ਸਾਹਵੇਂ ਸਾਡੇ ਮਨ ਦੇ ਦਰ ਆਪ-ਮੁਹਾਰੇ ਖੁਲ੍ਹ ਜਾਂਦੇ ਸਨ ...

ਪਾਸ਼ ਉਸ ਰੁੱਖ ਵਰਗਾ ਸੀ ਜਿਹੜਾ ਹਵਾ ਵਿਚ ਆਪਣੀਆਂ ਟਾਹਣੀਆਂ ਝੰਡੇ ਵਾਂਗ ਲਹਿਰਾਉਂਦਾ ਸੀ। ਸਥਾਪਤੀ ਨੂੰ ਲਲਕਾਰਦਾ ਸੀ ਕਿ ਮੇਰਾ ਟਾਹਣ ਵੱਢ ਕੇ ਦਿਖਾ! ਪਾਤਰ ਉਸ ਵੇਲ ਵਰਗਾ ਜਿਹੜੀ ਧਰਤੀ ਦੇ ਸੀਨੇ ਨਾਲ ਕੰਨ ਲਾਈ ਰਖਦੀ, ਧਰਤੀ

ਤੇ ਦੂਰ ਤੀਕ ਪਸਰਦੀ ਜਾਂਦੀ, ਏਹਦੀ ਧੜਕਣ ਵੀ ਸੁਣਦੀ, ਏਹਦੀ ਕੰਬਣੀ ਵੀ ਮਹਿਸੂਸ ਕਰਦੀ।

ਜੇ ਕੋਈ ਮਿੱਟੀ ਪੁੱਟ ਕੇ ਵੇਖਦਾ ਤਾਂ ਉਹਨੂੰ ਦਿਸਦਾ-ਧਰਤੀ ਦੇ ਹੇਠਾਂ ਪਾਸ਼ ਦੇ ਰੁੱਖ ਦੀਆਂ, ਤੇ ਪਾਤਰ ਦੀ ਵੇਲ ਦੀਆਂ ਜੜ੍ਹਾਂ, ਇਕ ਦੂਜੇ ਨਾਲ ਕਰਿੰਗੜੀ ਪਾਈ ਬੈਠੀਆਂ ਸਨ। ਵੇਖਣ ਵਾਲਿਆਂ ਨੂੰ ਉਹ ਗੁੱਥਮਗੁੱਥਾ ਹੋਈਆਂ ਜਾਪਦੀਆਂ ਸਨ। ਅਸਲ ਵਿਚ ਉਨ੍ਹਾਂ ਇਕ ਦੂਜੇ ਨੂੰ ਜੱਫੀ ਪਾਈ ਹੋਈ ਸੀ। ਇਕ ਦੂਜੇ ਦੇ ਕੰਨ ਨੂੰ ਆਪਣਾ ਮੂੰਹ ਲਾਇਆ ਹੋਇਆ ਸੀ ...

*

## ਪਾਤਰ ਅਤੇ ਪਿਆਰ ਦੀ ਕਵਿਤਾ

ਪੰਜਾਬੀ ਸਾਹਿਤ ਵਿਚ ਵੀ ਇਹ ਦੋ ਬਹਿਸਾਂ ਚਲਦੀਆਂ ਰਹੀਆਂ: ਕਵਿਤਾ ਲੋਕਾਂ ਲਈ ਕਿ ਨਿਜ ਲਈ? ਪਾਤਰ ਨੂੰ ਏਸ ਸੁਆਲ ਦਾ ਬੰਧਨ ਨਹੀਂ ਸੀ। ਉਹ ਇਕੋ ਜਿੰਨੇ ਸਹਿਜ ਨਾਲ ਦੋਹੀਂ ਬ੍ਰਹਿਮੰਡੀਂ ਵਿਚਰ ਕੇ ਉਨ੍ਹਾਂ ਦੀ ਖ਼ਬਰ ਸਾਡੇ ਸਾਹਵੇਂ ਲਿਆ ਧਰਦਾ। ਜਿੰਨੀ ਨੀਝ ਸ਼ਿੱਦਤ ਫ਼ਿਕਰ ਅਤੇ ਸੰਵੇਦਨਾ ਉਹਦੀ ਲੋਕ-ਕਵਿਤਾ ਵਿਚ ਸੀ, ਓਨੀ ਹੀ ਉਹਦੀ ਪਿਆਰ-ਕਵਿਤਾ ਵਿਚ ਵੀ।

ਪਾਤਰ ਦੀ ਬਹੁ-ਰੰਗੀ ਪਿਆਰ ਕਵਿਤਾ ਵਿਚ **ਤਾਂਘ** ਵੀ ਹੈ ('ਤੇਰੇ ਵਿਹੜੇ ਬੂਟਾ ਬਣਕੇ ਉੱਗ ਆਵਾਂ ਜੇ ਮੰਨੇ ਤੇ'), **ਆਸ** ਵੀ ('ਕਲ੍ਹ ਨੂੰ ਫੇਰ ਚੜ੍ਹੇਗਾ ਸੂਰਜ ਸ਼ਹਿਰ ਵਿਚ, ਜੇ ਸੱਜਣਾਂ ਦੇ ਘਰ ਦੀਆਂ ਖੁਲ੍ਹੀਆਂ ਬਾਰੀਆਂ'), **ਸਮਰਪਣ** ਵੀ ('ਤਾਰਿਆਂ ਤੋਂ ਰੇਤ ਵੀ ਬਣਿਆ ਹਾਂ ਮੈਂ, ਤੈਨੂੰ ਹਰ ਇਕ ਕੋਣ ਤੋਂ ਦੇਖਣ ਲਈ'), **ਜਨੂੰਨ** ਵੀ ('ਨੈਣਾਂ ਦੀ ਕਸਮ ਦੋਸਤ ਉਹ ਹਰਗਿਜ਼ ਨਗਨ ਨਾ ਸੀ, ਉਸਦੇ ਬਦਨ ਤੇ ਮੇਰੀ ਮੁਹੱਬਤ ਲਿਬਾਸ ਸੀ'), **ਵੈਰਾਗ** ਵੀ ('ਵਿਛੜੇ ਸਜਣ ਨੇ ਖ਼ਾਬ ਵਿਚ ਸੀਨੇ ਨੂੰ ਲਾ ਕਿਹਾ, ਕਿਸ ਨੇ ਕਿਹਾ ਸੀ ਇੰਜ ਤੈਨੂੰ ਦਿਲ ਨੂੰ ਲਾਉਣ ਲਈ')। ਪਰ ਉਹਦੀ ਪਿਆਰ-ਕਵਿਤਾ ਵਿਚ ਦੋ ਨਵੇਂ ਅਤੇ ਖਾਸ ਰੰਗਾਂ ਵਿਚੋਂ ਇਕ ਰੰਗ ਇਹ ਹੈ:

> ਨਫ਼ਰਤ ਦੇ ਤੀਰ ਚਲਦੇ ਐਪਰ ਨਾ ਮੈਨੂੰ ਸੱਲਦੇ
> ਮੇਰੀ ਆਤਮਾ ਦੁਆਲੇ ਤੇਰੇ ਪਿਆਰ ਦੀ ਸੰਜੋਅ ਹੈ

ਅਤੇ

> ਕਿਸੇ ਨੂੰ ਮਾਰਣ ਦਾ ਢੰਗ ਹੈ ਏਹ ਵੀ ਕਿ ਸ਼ੀਸ਼ਿਆਂ 'ਚ ਵਿਕਾਰ ਪਾਵੋ

ਕਿ ਸ਼ਖਸੋਂ ਪਹਿਲਾਂ ਹੀ ਅਕਸ ਮਾਰੋ ਸੋ ਖ਼ੁਦ 'ਚ ਪੂਰਾ ਯਕੀਨ ਰੱਖੀਂ
ਕਿਸੇ ਵੀ ਸ਼ੀਸ਼ੇ 'ਚ ਅਕਸ ਅਪਣਾ ਗੰਧਲਦਾ ਤੱਕ ਨਾ ਉਦਾਸ ਹੋਵੀਂ
ਸੱਜਣ ਦੀ ਨਿਰਮਲ ਨਜ਼ਰ 'ਚ ਹਰ ਦਮ ਤੂੰ ਧਿਆਨ ਆਪਣੇ ਨੂੰ ਲੀਨ ਰੱਖੀਂ

ਇੰਨ੍ਹਾਂ ਸ਼ਬਦਾਂ ਅਨੁਸਾਰ- ਪਿਆਰ ਉਹ ਹੈ ਜੋ ਤੁਹਾਡੀ ਅੱਖ ਨੂੰ ਸੁੱਚਾ ਕਰ ਦੇਵੇ, ਤੁਹਾਨੂੰ ਸਵੈ-ਵਿਸ਼ਵਾਸ ਨਾਲ਼ ਭਰ ਦੇਵੇ। ਪਿਆਰ ਸਿਰਫ਼ ਆਸਰਾ ਨਹੀਂ ਦਿੰਦਾ, ਤੁਹਾਨੂੰ ਸਵੈ-ਵਿਸ਼ਵਾਸ ਨਾਲ ਭਰ ਕੇ ਆਸਰਿਆਂ ਦੀ ਲੋੜ ਤੋਂ ਮੁਕਤ ਵੀ ਕਰਦਾ ਹੈ। ਜਿਹੜਾ ਇਉਂ ਨਹੀਂ ਕਰਦਾ, ਉਹ ਪਿਆਰ ਹਾਲੇ ਆਪ ਸੁੱਚਾ ਨਹੀਂ ਹੋਇਆ। ਪਾਤਰ ਨੇ ਪਿਆਰ ਦੇ ਕਈ ਰੰਗ ਚਿਤਰੇ, ਪਰ ਉਪਰਲੇ ਸ਼ਬਦਾਂ ਨਾਲ ਉਹ ਪਿਆਰ ਨੂੰ ਅਜਿਹਾ ਉੱਚਾ ਮੁਕਾਮ ਦੇਂਦਾ ਹੈ ਜੈਸਾ ਕਿਸੇ ਵਿਰਲੇ ਕਵੀ ਤੋਂ ਸੰਭਵ ਹੋਇਆ ਹੈ।

*

ਪੰਜਾਬੀ ਦੀ ਪਿਆਰ-ਕਵਿਤਾ ਦੇ (ਮੈਨੂੰ) 11 ਰੰਗ ਦਿਸਦੇ ਹਨ। ਹੋਰ ਰੰਗ ਵੀ ਜ਼ਰੂਰ ਹੋਣਗੇ ਜਿੰਨ੍ਹਾਂ ਬਾਰੇ ਹੋਰ ਲੇਖਕ ਮਿੱਤਰ ਵਾਧਾ ਕਰਨਗੇ। ਏਸ ਵਿਚ ਬਾਰ੍ਹਵਾਂ ਰੰਗ ਸੁਰਜੀਤ ਪਾਤਰ ਨੇ ਸ਼ਾਮਲ ਕੀਤਾ।

ਸਾਡੇ ਪਿਆਰ-ਕਾਵਿ ਦਾ ਪਹਿਲਾ ਰੰਗ ਸੂਫ਼ੀ ਰੂਹਾਨੀ ਪ੍ਰੇਮ ਦਾ ਹੈ। ਇਸ ਵਿਚ ਪ੍ਰਮਾਤਮਾ ਮਾਸ਼ੂਕ ਹੈ, ਤੇ ਮਨੁੱਖ ਆਸ਼ਕ।

ਦੂਜਾ ਰੰਗ-ਉਹ ਵੀ ਰੂਹਾਨੀ ਪਰ ਮੁਢਲਾ ਹਿੰਦੁਸਤਾਨੀ-ਜਿਸ ਵਿਚ ਸੰਸਾਰ ਦਾ ਇਕੋ ਇਕ ਮਰਦ ਪ੍ਰਮਾਤਮਾ ਹੈ, ਸਭ ਮਰਦ-ਔਰਤਾਂ (ਉਹਦੀਆਂ) ਇਸਤ੍ਰੀਆਂ ਹਨ।

ਪਿਆਰ ਕਵਿਤਾ ਦਾ ਤੀਜਾ ਰੰਗ ਲੋਕ-ਗੀਤਾਂ ਵਿਚ ਹੈ। ਏਸ ਵਿਚ ਨਾਰੀ ਦਾ ਪਿਆਰ ਤਾਂਘ, ਉਡੀਕ ਤੇ ਦੁੱਖ ਨਾਲ ਭਰਿਆ ਹੋਇਆ ਹੈ। ਪਰ ਏਸੇ ਲੋਕ ਸਭਿਆਚਾਰ ਵਿਚ ਮਰਦ ਦੀ ਪਿਆਰ-ਸੁਰ ਹੱਕ ਵਾਲ਼ੀ ਹੈ। ਸਾਡੀ ਸੁਰਤ ਵਿਚ ਮਿਰਜ਼ਾ ਰਾਂਝੇ ਨਾਲੋਂ ਵੱਡਾ ਪ੍ਰੇਮੀ ਹੈ ਜਿਸ ਕੋਲ ਆਪਣੀ ਪਸੰਦੀਦਾ ਔਰਤ ਨੂੰ ਘਰੋਂ ਕੱਢ ਲਿਆਉਣ ਦਾ ਦਮ ਹੈ।

ਚੌਥੇ ਰੰਗ ਵਿਚ ਮੋਹਨ ਸਿੰਘ ਅਤੇ ਮੀਸ਼ੇ ਦੀ ਕਵਿਤਾ ਦਾ ਮਰਦ ਪਹਿਲਿਆਂ ਨਾਲੋਂ ਵਧ ਕੋਮਲ ਅਤੇ Vulnerable ਦਿਸਦਾ ਹੈ।

ਪੰਜਾਬੀ ਪਿਆਰ-ਕਾਵਿ ਦਾ ਪੰਜਵਾਂ ਰੰਗ ਸ਼ਿਵ ਕੁਮਾਰ ਦੀ ਦੇਣ ਹੈ। ਉਹਨੇ ਪਹਿਲੀ ਵਾਰੀ ਮਰਦ ਦਾ ਪੱਥਰ ਵਰਗਾ ਮਨ ਨਰਮ ਕੀਤਾ। ਪੰਜਾਬੀ ਮਰਦ ਦਾ ਜ਼ਰਾਬਖ਼ਤਰ

ਲਾਹ ਦਿੱਤਾ। ਉਹਨੂੰ ਇਸ਼ਕ ਵਿਚ ਬਿਨਾ ਸੰਗ ਤੋਂ ਭੁੱਬਾਂ ਮਾਰ ਮਾਰ ਰੋਣ ਲਾਇਆ। ਉਹਨੂੰ ਹਥਿਆਰਾਂ ਦੀ ਕੈਦ ਤੋਂ ਮੁਕਤ ਕੀਤਾ ਹੈ।

ਛੇਵਾਂ ਰੰਗ ਅੰਮ੍ਰਿਤਾ ਪ੍ਰੀਤਮ ਦਾ। ਅੰਮ੍ਰਿਤਾ ਇਸ਼ਕ ਵਿਚ ਔਰਤ ਦੇ ਮਰਦ ਪ੍ਰਤੀ ਜਨੂੰਨ ਨੂੰ ਬੇਪਰਦ ਕਰਦੀ ਹੈ, ਖੁਲ੍ਹ ਕੇ ਔਰਤ ਅੰਦਰਲੀ ਮਰਦ ਵਾਸਤੇ ਤਾਂਘ ਦਾ ਇਜ਼ਹਾਰ ਕਰਦੀ ਹੈ। ਏਸ ਅਰਥ ਵਿਚ ਉਹ ਵਾਰਿਸ ਦੀ ਹੀਰ ਹੈ, ਤੇ ਹੀਰ ਦੀ ਵਾਰਿਸ। ਪਰ ਅੰਮ੍ਰਿਤਾ ਏਸ ਮੁਕਾਮ ਤੇ ਠਹਿਰਦੀ ਨਹੀਂ। ਰਿਸ਼ਤਾ ਹਾਸਲ ਹੋ ਜਾਣ ਮਗਰੋਂ ਰਿਸ਼ਤੇ ਵਿਚ ਔਰਤ ਲਈ ਆਦਰ ਮੰਗਦੀ ਹੈ।

ਸੱਤਵਾਂ ਰੰਗ ਬਹੁਤ ਉਦਾਸ ਹੈ। ਸਿਆਹ ਕਾਲ਼ਾ। ਅੱਤਵਾਦੀ ਲਹਿਰ ਦੇ ਸੰਘਣੇ ਪਰਛਾਵੇਂ ਵਿਚ 15 ਵਰ੍ਹੇ ਲਈ ਪੰਜਾਬੀ ਕਵਿਤਾ ਵਿਚੋਂ ਪਿਆਰ-ਕਵਿਤਾ (ਖਾਸ ਕਰਕੇ ਮਰਦ ਕਵੀਆਂ ਦੀ ਪਿਆਰ ਕਵਿਤਾ) ਲਗਭਗ ਅਲੋਪ ਹੋਣ ਲਗਦੀ ਹੈ।

ਅੱਠਵਾਂ ਰੰਗ ਓਦੋਂ ਉਗਮਦਾ ਹੈ ਜਦੋਂ ਉਪਰਲਾ ਸਮਾਂ ਮੁੱਕਦਾ ਹੈ। ਪੰਜਾਬੀ ਕਾਵਿ ਵਿਚ ਨਾਰੀ ਕਾਵਿ ਦਾ ਹੜ੍ਹ ਵਾਂਗ ਪ੍ਰਵੇਸ਼ ਹੁੰਦਾ ਹੈ। ਲਗਭਗ ਸਭ ਨਾਰੀ ਕਵੀ ਵੱਡੀ ਗਿਣਤੀ ਵਿਚ ਮਰਦ-ਔਰਤ ਦੇ ਰਿਸ਼ਤੇ ਨੂੰ ਵੰਗਾਰਦੀਆਂ ਹਨ, ਅੱਧੀਆਂ ਕੁ ਨਕਾਰਦੀਆਂ ਵੀ ਹਨ। ਔਰਤ ਦੀ ਸੁਰ ਨਿਰੀ ਸਮਰਪਣ ਵਾਲੀ ਨਹੀਂ ਰਹਿੰਦੀ। ਉਹ ਸਮਰਪਣ ਕਰੇ ਵੀ ਤਾਂ ਸਿਰ ਝੁਕਾ ਕੇ ਨਹੀਂ, ਅੱਖ ਵਿਚ ਅੱਖ ਪਾ ਕੇ ਕਰਦੀ ਹੈ।

ਨੌਵਾਂ ਰੰਗ: ਪੰਜਾਬੀ ਪਿਆਰ-ਕਵਿਤਾ ਵਿਚ ਜਿਸ ਨਾਲ ਪਿਆਰ ਹੁੰਦਾ ਹੈ-ਉਹ ਇਸਤ੍ਰੀ ਵਧੇਰੇ ਕਰਕੇ ਘਰ ਤੋਂ ਬਾਹਰ ਹੁੰਦੀ ਹੈ। ਜਿਸ ਨਾਲ ਵਿਆਹ ਹੋਇਆ ਹੈ, ਪੰਜਾਬੀ ਕਵਿਤਾ ਵਿਚ ਉਹ ਵਿਰਲਿਆਂ ਹੀ ਪਿਆਰ ਦੀ ਪਾਤਰ ਹੈ। ਇਹ ਰੁਝਾਨ ਅੰਬਰੀਸ਼, ਅਮਰਜੀਤ ਚੰਦਨ, ਨਵਤੇਜ ਭਾਰਤੀ, ਭੁਪਿੰਦਰਪ੍ਰੀਤ, ਜਗਦੀਪ ਸਿੱਧੂ, ਹਿਰਦੇਪਾਲ ਅਤੇ ਕੁਝ ਹੋਰ ਨਵੇਂ ਕਵੀਆਂ ਦੀ ਕਵਿਤਾ ਨੇ ਤੋੜਿਆ ਹੈ। ਏਹ ਪਿਆਰ ਘਰੇਲੂ ਇਸਤ੍ਰੀ ਦੀ ਰੋਜ਼-ਮੱਰਾ ਜੀਵਨ ਵਿਚ ਪ੍ਰੇਮਮਈ ਹਾਜ਼ਰੀ ਨੂੰ ਸਵੀਕਾਰ ਕਰਦਾ ਹੈ।

ਪੰਜਾਬੀ ਪਿਆਰ-ਕਵਿਤਾ ਦਾ ਦਸਵਾਂ ਰੰਗ ਅਮਰਜੀਤ ਚੰਦਨ ਦਾ ਹੈ। ਇਸ ਵਿਚ ਇਹ ਭੇਦ ਮੁੱਕ ਜਾਂਦਾ ਹੈ ਕਿ ਇਸਤ੍ਰੀ ਘਰ ਦੇ ਅੰਦਰ ਹੈ ਜਾਂ ਬਾਹਰ। ਉਹ ਘਰ ਦੇ ਅੰਦਰ ਹੋਵੇ ਤਾਂ ਵੀ ਪਿਆਰ ਦਾ ਸੰਘਣਾਪਣ ਜਨੂੰਨ ਤੋਂ ਡੂੰਘਾ ਜਾਂਦਾ ਹੈ। ਕਵਿਤਾ ਕਾਮ-ਪਿਆਰ ਨੂੰ ਵੀ ਸਤਹ ਤੋਂ ਚੁੱਕ ਕੇ ਗਹਿਰਾ ਕਰ ਦੇਂਦੀ ਹੈ, ਤੇ ਰੱਜਵਾਂ ਸੁਹਜ ਦਿੰਦੀ ਹੈ।

ਯਾਰ੍ਹਵਾਂ ਰੰਗ: ਪਿਆਰ ਵਿਚ ਦੇਹ ਦਾ ਰੰਗ ... ਸਵਰਨਜੀਤ ਸਵੀ ਨੇ ਏਹਨੂੰ ਨਿਝੱਕ ਹੋ ਕੇ ਕਲਾਪੂਰਣਤਾ ਨਾਲ ਪੰਜਾਬੀ ਕਾਵਿ ਵਿਚ ਸ਼ਾਮਲ ਕੀਤਾ। ਦੇਹ ਚੇਤਨਾ ਦਾ ਸਰਗੁਣ ਰੂਪ ਹੈ। ਦੇਹ ਨਾ ਹੋਵੇ ਤਾਂ ਮੈਂ ਉਹਨੂੰ ਪਛਾਣ ਹੀ ਨਾ ਸਕਾਂ ਜਿਸ ਨਾਲ ਪਿਆਰ ਹੈ। ਕਵਿਤਾ ਹੀ ਨਹੀਂ, ਰੂਹਾਨੀਅਤ ਨੂੰ ਵੀ ਦੇਹ ਦੀ ਲੋੜ ਹੈ (॥ਇਸ ਦੇਹੀ ਕਉ ਸਿਮਰਹਿ ਦੇਵ॥) ਪਿਛਲੇ 15 ਵਰ੍ਹਿਆਂ ਵਿਚ ਨਾਰੀ ਕਾਵਿ ਵਿਚ ਇਹ ਰੰਗ ਚੋਖਾ ਚਮਕਿਆ ਹੈ। ਕਈ ਥਾਂਈ ਕਵੀ ਏਸ ਰੰਗ ਨੂੰ ਸਨਸਨੀ ਪੈਦਾ ਕਰਨ ਜਾਂ 'ਬੋਲਡ' ਦਿਸਣ ਵਾਸਤੇ ਵੀ (ਬਿਨ ਲੋੜ ਤੋਂ) ਵਰਤਦੇ ਹਨ।

ਹੁਣ ਤਕ ਦੇ ਸਾਰੇ ਰੰਗਾਂ ਵਿਚ ਪਿਆਰ ਕਰਨ ਵਾਲਾ ਆਪਣੇ ਪਿਆਰ ਪ੍ਰਤੀ ਯਕੀਨ ਨਾਲ ਭਰਿਆ ਹੋਇਆ ਹੈ। ਸੁਰਜੀਤ ਪਾਤਰ ਏਸ ਵਿਚ ਨਵਾਂ (ਬਾਰ੍ਹਵਾਂ) ਸੁਰ ਸ਼ਾਮਲ ਕਰਦਾ ਹੈ-ਪਿਆਰ ਵਿਚ ਦੁਬਿਧਾ ਜਾਂ ਦੁਚਿੱਤੀ ਦਾ। ਇਹ ਨਾਇਕ ਸਮਰਪਣ ਕਰਦਿਆਂ ਭੈਭੀਤ ਹੈ। ਪ੍ਰੇਮ ਉਹਦਾ ਸਾਹ ਹੈ, ਤੇ ਉਹਦਾ ਸਾਹ ਸੂਤਦਾ ਵੀ ਹੈ। ਨਾਇਕ ਪ੍ਰੇਮ ਨੂੰ ਭਾਲਦਾ ਵੀ ਹੈ, ਤੇ ਮਿਲ ਜਾਣ ਮਗਰੋਂ ਡੋਲਦਾ, ਉਲਝਦਾ, ਥਿੜਕਦਾ ਅਤੇ ਤਿੜਕਦਾ ਵੀ ਹੈ ...

ਮੈਂ ਹੱਥ ਆਪਣਾ ਤੇਰੀਆਂ ਤਾਰਾਂ ਤੋਂ ਦੂਰ ਕੀਤਾ
ਤਰਬਾਂ ਤੋਂ ਦੂਰ ਕੀਤਾ ਮੈਂ ਹੋਂਠ ਦੂਰ ਕੀਤੇ
ਰਾਧਾ ਨੂੰ ਮੋਹਣ ਵਾਲੀ ਇਸ ਮਧੁਰ ਬੰਸਰੀ ਤੋਂ
ਡਰਿਆ ਮੈਂ ਰੁਕਮਣੀ ਦੀ ਖ਼ਾਮੋਸ਼ ਵਿਲਕਣੀ ਤੋਂ

...

ਵਸਦੀਆਂ ਨੇ ਹੋਰ ਮਨ ਵਿਚ ਸੂਰਤਾਂ
ਮੂਰਤਾਂ ਤੂੰ ਹੋਰ ਘਰ ਵਿਚ ਟੰਗੀਆਂ
ਰਾਤ ਓਹਨਾਂ ਮੂਰਤਾਂ ਤੋਂ ਡਰ ਗਿਆ
ਜੋ ਕਦੇ ਆਪੇ ਸੀ ਕੰਧੀਂ ਟੰਗੀਆਂ

...

ਤੋੜਣ ਤੁਰੇ ਤਾਂ ਕੁਝ ਤਾਂ ਸੀ ਆਖ਼ਰ ਨੂੰ ਤੋੜਣਾ
ਸੰਗਲ ਨਾ ਟੁੱਟੇ ਪੈ ਗਿਆ ਝਾਂਜਰ ਨੂੰ ਤੋੜਣਾ

ਏਸੇ ਲਈ ਖ਼ੁਦ ਟੁਕੜਿਆਂ ਵਿਚ ਟੁੱਟ ਗਿਆ ਹਾਂ ਮੈਂ
ਬੇਰਹਿਮ ਲਗਦਾ ਸੀ ਬਹੁਤ ਇਕ ਘਰ ਨੂੰ ਤੋੜਣਾ

ਇਹ ਨਾਇਕ ਸਾਡੇ ਹੁਣ ਤਕ ਦੇ ਕਲਪਿਤ ਪਿਆਰ-ਨਾਇਕ ਨਾਲੋਂ ਵੱਧ ਪ੍ਰਮਾਣੀਕ (Authentic) ਤੇ ਸੱਚਾ ਹੈ (ਸੱਚੀਂ Exist ਕਰਦਾ ਹੈ)। ਕਿਸੇ ਵੀ ਸਮਾਜ ਵਿਚ ਮਿਰਜ਼ਿਆਂ ਦੀ ਗਿਣਤੀ ਵਿਰਲੀ ਹੁੰਦੀ ਹੈ। ਵਧੇਰੇ ਮਰਦ ਉਹ ਹਨ ਜਿੰਨ੍ਹਾਂ ਨੂੰ ਪਾਤਰ ਨੇ ਚਿਤਰਿਆ ਹੈ। ਪਾਤਰ ਨੇ ਘੋੜੀ ਤੇ ਚੜ੍ਹੇ ਲਲਕਾਰੇ ਮਾਰਦੇ ਮਰਦ ਦੀ ਨਹੀਂ, ਆਪਣੇ ਪੈਰਾਂ ਹੇਠਲੀ ਪਿਆਰ-ਧਰਤੀ ਦੇ ਦਲਦਲ ਬਣ ਜਾਣ, 'ਤੇ ਉਸ ਵਿਚ ਗਰਕਦੇ ਜਾਂਦੇ ਬੰਦੇ ਦੀ ਵਿਥਿਆ ਦੱਸੀ ਹੈ। ਹੌਲੀ ਹੌਲੀ ਆਪਣੇ ਹੀ ਅੰਦਰਲੇ ਖ਼ੂਹ ਵਿਚ ਡੁਬਦੇ ਜਾਂਦੇ ਬੰਦੇ ਨੂੰ ਆਵਾਜ਼ ਬਖ਼ਸ਼ੀ ਹੈ। ਇਹ ਕਿਸੇ ਨੂੰ ਕੋੜੀ ਜਾਪੇ ਭਾਵੇਂ ਸੱਚੀ।

ਜੇ ਸੁਰਜੀਤ ਪਾਤਰ ਸਿਰਫ਼ ਮਰਦ ਦੀ ਪਿਆਰ-ਦੁਬਿਧਾ ਨੂੰ ਆਕਾਰ ਦਿੰਦਾ ਤਾਂ ਉਹ ਅੱਧਾ ਕਵੀ ਹੋਣਾ ਸੀ। ਪਰ ਉਹ ਪੂਰਾ ਕਵੀ ਹੈ। ਉਹਦੀ ਦ੍ਰਿਸ਼ਟੀ ਦੁਚਿੱਤੀ ਵਿਚ ਡੁੱਬੇ ਮਰਦ ਹੱਥੋਂ ਇਸਤ੍ਰੀ ਨੂੰ ਵਾਪਰਦੇ ਸੰਤਾਪ ਨੂੰ ਵੀ ਖੁਲ੍ਹੀ ਅੱਖ ਨਾਲ ਵੇਖਦੀ ਹੈ:

ਰਾਧਾ ਨਾਰਾਜ਼ ਹੈ, ਰੁਕਮਣੀ ਉਦਾਸ ਤੇ ਕ੍ਰਿਸ਼ਨ ਪਰੇਸ਼ਾਨ
ਜੇ ਤੂੰ ਇਸ ਤਰ੍ਹਾਂ ਹੀ ਪਰਤ ਜਾਣਾ ਸੀ ਕ੍ਰਿਸ਼ਨ
ਤਾਂ ਆਇਆ ਹੀ ਕਿਉਂ? ਰਾਧਾ ਆਖ਼ਦੀ ਹੈ
ਕਿਸ ਨੇ ਰੱਖਿਆ ਸੀ ਤੇਰਾ ਨਾਮ ਕ੍ਰਿਸ਼ਨ?
ਐ ਦੁਬਿਧਾ ਦੇ ਅਵਤਾਰ!
ਤੂੰ ਕੀ ਦੇਵੇਂਗਾ ਕਿਸੇ ਅਰਜੁਨ ਨੂੰ ਗੀਤਾ-ਉਪਦੇਸ਼?
ਤੂੰ ਤਾਂ ਆਪ ਸੁੱਟ ਦੇਵੇਂਗਾ ਯੁੱਧ ਦੇ ਦਰਮਿਆਨ ਤੀਰ ਕਮਾਨ
ੳ ਬੰਸੀਧਰ, ਤੂੰ ਬੰਸਰੀ ਨਵਾਜ਼ ਨਹੀਂ
ਤੂੰ ਬੰਸਰੀ ਚੋਂ ਸੁਰਾਂ ਦੇ ਪੱਤੇ ਨਹੀਂ ਉਗਾ ਸਕਦਾ
ਸਿਰਫ਼ ਉਸਨੂੰ ਬਾਲਣ ਬਣਾ ਸਕਦਾ
ਆਪਣੇ ਸੰਤਾਪ ਦੀ ਅੱਗ ਦਾ ਬਾਲਣ
ਪਰ ਜਾਹ, ਮੈਂ ਤੈਨੂੰ ਤੇਰੀ ਤਪਸ਼ ਦੇ ਨਾਮ ਤੇ ਮਾਫ਼ ਕਰਦੀ ਹਾਂ

ਮੇਰੇ ਸਾਬਕਾ ਪ੍ਰਭੂ !

ਕਵੀ ਦੇ ਮਨ-ਮੰਚ ਤੇ ਰੁਕਮਣੀ ਨੇ ਕਿਹਾ:
ਉਠਾ ਲੈ ਮਿੱਟੀ ਚ ਡਿੱਗਿਆ ਆਪਣਾ ਪ੍ਰਭਾ-ਮੰਡਲ
ਤੇ ਆਪਣੀ ਵਾਸਨਾ ਦੀ ਬੰਸਰੀ
ਅਗਨੀ ਜੋ ਸਾਡੇ ਪਾਵਨ ਬੰਧਨ ਦੀ ਸਾਕਸ਼ੀ ਸੀ
ਉਹ ਹੁਣ ਕਿਤੇ ਬਾਹਰ ਨਹੀਂ ਮੇਰੇ ਅੰਦਰ ਬਲ਼ ਰਹੀ ਏ
ਤੂੰ ਮੁੜ ਆਇਆ ਏਂ ਪਰ ਮੇਰੇ ਸੀਨੇ ਵਿਚ ਸੁਲਗ ਰਹੀ ਏ
ਤੇਰੇ ਚੋਰ ਪੈਰਾਂ ਦੇ ਜਾਣ ਦੀ ਪੈੜ ...
ਇਹ ਕੋਈ ਹਿਸਾਬ ਦਾ ਸਵਾਲ ਨਹੀਂ, ਪ੍ਰਭੂ
ਕਿ ਤੇਰੇ ਜਾਣ ਦੀ ਪੈੜ ਵਿਚੋਂ
ਤੇਰੇ ਪਰਤ ਆਉਣ ਦੀ ਪੈੜ ਮਨਫ਼ੀ ਕਰ ਦਿਆਂ
ਤਾਂ ਜੋ ਹੋ ਚੁੱਕਿਆ ਏ ਉਹ ਸਿਫ਼ਰ ਹੋ ਜਾਵੇ
ਤੇਰੇ ਮਨ ਵਿਚ ਜੋ ਸੰਖ-ਨਾਦ ਵਿਲਕੇ
ਮੰਡਪ ਦੀ ਅੱਗ ਜੋ ਕੁਝ ਕੁਝ ਤੇਰੇ ਦਿਲ ਵਿਚ ਵੀ ਸੁਲਗੀ
ਉਸ ਅਗਨੀ ਦੇ ਨਾਮ ਤੇ ਮੈਂ ਤੈਨੂੰ ਮਾਫ਼ ਤਾਂ ਕਰ ਸਕਦੀ ਹਾਂ
ਪਰ ਤੇਰੀਆਂ ਬਾਹਾਂ ਵਿਚ ਨਿਸਚਿੰਤ ਨਹੀਂ ਸੌਂ ਸਕਦੀ
ਤੇ ਤੂੰ ਵੀ ਨਿਸਚਿੰਤ ਨਾ ਸੌਵੀਂ, ਪ੍ਰਭੂ ...
ਇਹ ਜੋ ਸੁਲਗਦੀ ਇਬਾਰਤ ਜਿਹਾ ਮੇਰੇ ਮਨ ਵਿਚ ਆਇਆ ਹੈ
ਇਹ ਮੈਨੂੰ ਤੇਰੀ ਬੰਸਰੀ ਨੇ ਹੀ ਸਿਖਾਇਆ ਹੈ ...

*

ਸੁਰਜੀਤ ਪਾਤਰ ਨੇ ਵੀ ਇਸ ਦੋਚਿੱਤੇ ਪਾਤਰ ਦੇ ਚਿਤ੍ਰਣ ਦੀ ਕੀਮਤ ਤਾਰੀ ਹੈ। ਮਿਹਣੇ ਝੱਲੇ, ਆਵਾਜ਼ੇ ਸੁਣੇ, ਆਦਰ ਗੁਆਇਆ, ਸ਼ੱਕ ਵੇਖੇ, ਚੁੱਪ ਰਹੇ। ਜੋ ਉਹਦੀ ਨਿਰੀ ਕਵਿਤਾ ਹੀ ਸੀ, ਉਹਨੂੰ ਵੀ ਪਾਤਰ ਦੇ ਨਿਜ ਵਾਂਗ ਪਰਖਿਆ ਤੇ ਵਿਖਾਇਆ ਗਿਆ:

ਮੇਰੇ ਕੋਲ ਇਕ ਨਾਮ ਹੀ ਸੀ ਵਿਰਸੇ ਦੇ ਵਿਚ ਦੇਣ ਨੂੰ
ਗੰਧਲਿਆਂ ਵਕਤਾਂ 'ਚ ਪੁੱਤਰੋ ਉਹ ਵੀ ਮੈਲ਼ਾ ਹੋ ਗਿਆ
ਪੀ ਰਿਹਾ ਸਾਂ ਜੋ ਉਹ ਮੇਰਾ ਹੱਕ ਨਹੀਂ ਜਦ ਸੋਚਿਆ

ਘੁੱਟ ਤਾਂ ਮਿੱਠਾ ਸੀ ਐਪਰ ਮੂੰਹ ਕੁਸੈਲਾ ਹੋ ਗਿਆ

ਅਤੇ

ਸਾਡੀ ਤਾਂ ਹਿੱਕ ਵਿਚ ਪੁੱਤਰੋ ! ਰੀਝਾਂ ਨੇ ਮੈਲੀਆਂ
ਖ਼ੰਜਰ ਤੁਹਾਡੇ ਲਿਸ਼ਕਦੇ ਉਜਲੇ ਸ਼ਫਾਫ਼ ਨੇ
ਪਿਆਰੇ ਮੁਰੀਦੋ ! ਸਾਡੀ ਹੀ ਸੰਥਾ ਦੀ ਗੂੰਜ ਹੋ
ਆਵੋ ! ਤੁਹਾਨੂੰ ਮੁਰਸ਼ਦਾਂ ਦੇ ਕਤਲ ਮਾਫ਼ ਨੇ

ਖ਼ੈਰ ! ਕਿਸੇ ਵਿਰਲੇ ਵਿਚ ਸੁਰਜੀਤ ਪਾਤਰ ਵਾਂਗ ਹਿੰਮਤ ਹੁੰਦੀ ਹੈ-ਸੰਸਾਰ ਦੇ ਦੁਬਿਧ ਅਛੂਤਾਂ ਨੂੰ ਛੋਹਣ ਦੀ, ਦੁਚਿੱਤੇ ਗੂੰਗਿਆਂ ਨੂੰ ਆਵਾਜ਼ ਬਖ਼ਸ਼ਣ ਦੀ ...

ਧੁਪ ਸੂਰਜ ਦੀ ਦਿਖਾਵੇ ਹੋਰ ਰਾਹ
ਚਾਨਣੀ ਵਿਚ ਹੋਰ ਰਸਤੇ ਚਮਕਦੇ
ਹੋਰ ਮੰਜ਼ਲ ਦੱਸਦਾ ਘਰ ਦਾ ਚਿਰਾਗ਼
ਸਿਵਿਆਂ ਲੋਏ ਹੋਰ ਪਗ-ਚਿੰਨ੍ਹ ਸੁਲਘਦੇ

ਇਹ ਸਿਵਾ, ਇਹ ਚੰਨ, ਸੂਰਜ, ਇਹ ਚਿਰਾਗ
ਵੱਖੋ ਵੱਖਰੇ ਰਸਤਿਆਂ ਵੱਲ ਖਿੱਚਦੇ
ਮੈਂ ਚੁਰਾਹੇ ਤੇ ਖੜਾ ਹਾਂ ਸੋਚਦਾ
ਕਿੰਨੇ ਟੋਟੇ ਕਰ ਦਿਆਂ ਇਕ ਹੋਂਦ ਦੇ

ਐ ਮਨਾ ਤੂੰ ਬੇਸੁਰਾ ਏਂ ਸਾਜ਼ ਕਿਉਂ
ਏਨੀ ਗੰਧਲੀ ਹੈ ਤੇਰੀ ਆਵਾਜ਼ ਕਿਉਂ
ਸੁਰ ਨਹੀਂ ਹੁੰਦਾ ਤੂੰ ਕਿਉਂ ਕੀ ਗੱਲ ਹੈ
ਇਲਮ ਦੇ ਮਸਲੇ ਨੇ ਜਾਂ ਇਖ਼ਲਾਕ ਦੇ
ਮਨ ਹੈ ਇਕ ਪੁਸਤਕ ਜਿਵੇਂ ਲਿਖ਼ ਹੋ ਰਹੀ
ਜਿਸ ਦਾ ਕੋਈ ਆਦ ਹੈ ਨਾ ਅੰਤ ਹੈ
ਇਕ ਇਬਾਰਤ ਹੈ ਜੋ ਅੰਦਰ ਤੜਪਦੀ
ਵਾਕ ਨੇ ਇਕ ਦੂਸਰੇ ਨੂੰ ਕੱਟਦੇ ...

*

**'ਅਵਰਿ-ਕਾਜ' ਤੇ ਪਾਤਰ**

ਨਵਤੇਜ ਭਾਰਤੀ ਨੇ ਸੁਰਜੀਤ ਪਾਤਰ ਨੂੰ ਕਿਹਾ: "ਜਿੰਨੀ ਤੇਰੀ ਸਾਹਿਤਕ ਉਮਰ ਹੈ, ਓਸ ਲਿਹਾਜ਼ ਨਾਲ਼ ਤੂੰ ਬਹੁਤ ਘੱਟ ਲਿਖਿਆ ਹੈ। ਤੂੰ ਸਾਹਿਤ ਅਕਾਦਮੀ, ਲਲਿਤ ਕਲਾ ਅਕਾਦਮੀ ਦਾ ਪ੍ਰਧਾਨ ਹੈਂ। ਰੋਜ਼ ਕਿਸੇ ਸਮਾਗਮ ਤੇ ਗਿਆ ਹੁੰਨੈਂ। ਬੇਅੰਤ ਲੇਖਕਾਂ ਦੀਆਂ ਕਿਤਾਬਾਂ ਦੇ ਮੁਖਬੰਧ ਲਿਖਦਾ ਹੈਂ। ਤੇਰਾ ਮੁਢਲਾ ਕੰਮ ਰਚਨਾ ਲਿਖਣ ਦਾ ਹੈ। ਪਰ ਏਨ੍ਹਾਂ ਕੰਮਾਂ ਸਦਕਾ ਤੇਰੀ ਕ੍ਰੀਏਟਿਵਟੀ ਨੂੰ ਘਾਟਾ ਪੈ ਰਿਹਾ ਹੈ, ਤੇ ਸਾਨੂੰ ਸਭਨਾਂ ਨੂੰ ਵੀ"। ਪਾਤਰ ਨੇ ਸਹਿਜ ਤੇ ਵਿਸ਼ਵਾਸ ਨਾਲ ਜੁਆਬ ਦਿੱਤਾ: "ਨਹੀਂ, ਏਹ ਕੰਮ ਵੀ ਜ਼ਰੂਰੀ ਹਨ। ਇਹ ਸਾਹਿਤ ਨੂੰ ਗੁਣਾ ਕਰਦੇ ਹਨ"।

ਭਾਰਤੀ ਜੀ ਕਹਿ ਰਹੇ ਸਨ: "ਇਹ ਕੰਮ ਕਰਨੇ ਪਾਤਰ ਦੀ Creative Sacrifice ਸੀ। ਕਵਿਤਾ ਲਿਖਣ ਜਿੰਨਾ ਹੀ ਮਹੱਤਵਪੂਰਣ ਹੈ ਕਵਿਤਾ ਨੂੰ ਪ੍ਰਚੱਲਤ ਕਰਨਾ, ਸਾਡੀ ਮਾਨਸਿਕਤਾ ਦਾ ਅੰਗ ਬਣਾ ਦੇਣਾ। ਨਾਨਕ ਤੇ ਬੁੱਧ ਨੇ ਅਜਿਹੇ ਕਾਰਜਾਂ ਦੀ ਮਹੱਤਤਾ ਨੂੰ ਗਹਿਰਾਈ ਨਾਲ ਜਾਣਿਆ। ਵਰਨਾ ਨਾਨਕ ਨੂੰ ਉਦਾਸੀਆਂ ਕਰਨ ਦੀ ਕੀ ਲੋੜ ਸੀ? ਉਹ ਤਾਂ ਵੇਈਂ ਵਿਚੋਂ ਨਿਕਲਣ ਵੇਲ਼ੇ ਨਿਰਵਾਣ ਨੂੰ ਅੱਪੜ ਹੀ ਗਏ ਸੀ। ਬੁੱਧ ਕਈ ਜਨਮ ਪਹਿਲਾਂ ਹੀ ਆਵਾ-ਗਉਣ ਤੋਂ ਮੁਕਤ ਹੋ ਗਿਆ, ਪਰ ਉਸ ਵਰ ਮੰਗਿਆ ਕਿ ਹੋਰਨਾਂ ਨੂੰ ਵੀ ਮੁਕਤ ਕਰ ਸਕੇ। ਤਾਂ ਉਸਨੂੰ ਕਿਹਾ ਗਿਆ–"ਜਿੰਨ੍ਹਾਂ ਨੂੰ ਤੂੰ ਮੁਕਤ ਕਰਨਾ ਹੈ, ਉਨ੍ਹਾਂ ਦਾ ਦੁੱਖ ਕੀ ਹੈ, ਬੰਧਨ ਕੀ ਹੈ–ਤੈਨੂੰ ਆਪ ਅਨੁਭਵ ਕਰਨਾ ਪਏਗਾ, ਓਸ ਵਾਸਤੇ ਓਨੇ ਜਨਮ ਲੈਣੇ ਪੈਣਗੇ। ਉਸ ਮਗਰੋਂ ਆਪ ਮੁਕਤ ਹੋਣ ਲਈ ਮੁੜ ਮਿਹਨਤ ਕਰਨੀ ਪਏਗੀ"। ਬੁੱਧ ਇਹ ਸ਼ਰਤ ਸਵੀਕਾਰ ਕਰਦਾ ਹੈ ਤੇ ਸਾਧਾਰਣ ਬੰਦਾ ਬਣ ਕੇ ਧਰਤੀ ਤੇ ਪਰਤ ਆਉਂਦਾ ਹੈ, ਮੁੜ ਸਾਧਨਾ ਕਰਦਾ ਹੈ!"

*

ਜਦੋਂ ਲੇਖਕ ਆਪਣੀ ਮੁਢਲੀ ਜਾਂ ਵੱਡੀ ਗੱਲ ਲਗਭਗ ਕਹਿ ਚੁਕਦਾ ਹੈ ਤਾਂ ਲਿਖਣ ਦੇ ਪਿਛਲੇ ਪੜਾਅ/ਉਮਰ ਤੇ ਜਾ ਕੇ ਉਹ ਹੋਰਨਾਂ ਨੂੰ ਚੰਗਾ ਸਾਹਿਤ ਲਿਖਣ ਵਿਚ ਸਹਾਈ ਹੋਣ ਲਗਦਾ ਹੈ। ਇਹ ਲਿਖਣ ਦਾ ਹਿੱਸਾ ਹੀ ਹੈ। ਪੰਜਾਬੀ ਸਮਾਜ ਵਿਚ ਤਾਂ ਲੋਕਾਂ ਨੂੰ ਸਾਹਿਤ ਪੜ੍ਹਣ ਲਾਉਣਾ ਵੀ ਲੇਖਕ ਦੇ ਕਾਰਜਾਂ ਵਿਚ ਹੈ। ਸ਼ਾਇਦ ਕਿਸੇ ਲੇਖਕ ਨੂੰ ਇਹ

ਉਹਦੀ ਜ਼ਿੰਮੇਵਾਰੀ ਨਾ ਵੀ ਜਾਪਦਾ ਹੋਏ। ਮੈਨੂੰ ਏਸ ਲਈ ਜਾਪਦਾ ਹੈ ਕਿਉਂਕਿ ਲਿਖ਼ਣ ਦੇ ਜ਼ਰੂਰੀ ਗੁਣ ਅਤੇ ਵਧੇਰੇ ਨੁਕਤੇ ਮੈਂ ਅਕਾਦਮਿਕ ਸਿਖਲਾਈ ਦੀ ਥਾਂ ਸਿਆਣੇ ਮਿੱਤਰ ਕਵੀਆਂ ਤੋਂ ਵਧ ਸਿੱਖੇ ਹਨ। ਮੈਨੂੰ ਇਹ ਮਿੱਤਰ ਮਿਲਣੋਂ ਪਹਿਲਾਂ ਮੇਰਾ ਕਵਿਤਾ/ਸਾਹਿਤ ਪ੍ਰਤੀ ਰਵੱਈਆ ਸ਼ੌਕ-ਮੁਖੀ, ਪਰ ਗ਼ੈਰ-ਸੰਜੀਦਾ ਸੀ। ਹੁਣ ਵੀ ਜਦੋਂ ਕਵੀ ਮਿੱਤਰ ਮਿਲ ਜਾਣ ਤਾਂ ਮੇਰੇ ਬਹੁਤੇ ਸੁਆਲ ਹਾਲੇ ਵੀ ਰਚਨ-ਪ੍ਰਕਿਰਿਆ ਬਾਰੇ ਹੀ ਹੁੰਦੇ ਹਨ।

ਅਕਾਦਮਿਕ ਸਿਖਲਾਈ ਸਾਡੇ ਅੰਦਰ ਸਾਹਿਤ ਦੀ ਪਿੱਠਭੂਮੀ ਪੈਦਾ ਕਰਦੀ ਹੈ, ਸਾਹਿਤ ਮੁਲੰਕਣ ਦੀ ਸਮਰੱਥਾ ਜਨਮਾਉਂਦੀ ਹੈ, ਪਰ ਸਾਨੂੰ ਲੇਖਕ ਨਹੀਂ ਬਣਾ ਸਕਦੀ। ਲਿਖਣਾ ਇਕੱਲ੍ਹੇ ਬੰਦੇ ਦਾ ਆਪਣੇ ਆਪ, ਵਿਚਾਰ, ਭਾਸ਼ਾ ਅਤੇ ਲਿਖਣ-ਕਲਾ ਨਾਲ਼ ਸੰਘਰਸ਼ ਹੈ। ਫ਼ਿਰ ਵੀ, ਚੰਗਾ ਲਿਖ਼ਣ ਵਾਲ਼ਿਆਂ ਨਾਲ ਗੱਲਬਾਤ ਬੇਹਤਰ ਲਿਖਣ ਵਿਚ ਸਹਾਈ ਹੁੰਦੀ ਹੈ। ਗਜ਼ਲ ਜਾਂ ਛੰਦ ਲਿਖਣ ਵਿਚ ਤਾਂ ਤਕਨੀਕੀ ਸਹੂਲਤ ਵੀ ਮੌਜੂਦ ਹੈ, ਪਰ ਵਿਚਾਰ ਦੀ ਖੁਲ੍ਹੀ ਕਵਿਤਾ ਵਿਚ ਬਹੁਤੀ ਨਹੀਂ। ਇਸ ਸੰਦਰਭ ਵਿਚ ਸੁਰਜੀਤ ਪਾਤਰ ਨੇ ਨਵੇਂ ਲੇਖਕਾਂ ਪ੍ਰਤੀ ਆਪਣੇ ਹਿੱਸੇ ਦਾ (ਜ਼ਰੂਰੀ) ਕੰਮ ਕੀਤਾ। ਏਸਨੂੰ ਧੜੇਬੰਦੀ ਜਾਂ ਚਮਚਾਗਿਰੀ ਦੇ ਨੁਕਤੇ ਤੋਂ ਹੀ ਵੇਖਣਾ ਸ਼ਾਇਦ ਪੂਰਾ ਸਹੀ ਨਾ ਹੋਵੇ। ਦਸ ਨਵੇਂ ਲੇਖਕਾਂ ਤੇ ਨਿਰੰਤਰ ਮਿਹਨਤ ਹੋਵੇ ਤਾਂ ਇਕ ਜਣੇ ਦੇ ਚੰਗਾ ਲੇਖਕ ਬਣ ਜਾਣ ਦੀ ਸੰਭਾਵਨਾ ਹੁੰਦੀ ਹੀ ਹੈ।

ਮੁਰੀਦ ਸੰਧੂ ਨੇ ਦੱਸਿਆ: ਵਿਰਲੇ ਲੇਖਕ ਆਪਣੀਆਂ ਰਚਨਾਵਾਂ ਵਰਗੇ ਹੁੰਦੇ ਹਨ। ਵੱਡੇ ਲੇਖਕਾਂ ਨੂੰ ਆਪਣੀ ਕਵਿਤਾ ਸੁਣਾਉਣ ਲਈ ਮਿੰਨਤ ਕਰਨੀ ਪੈਂਦੀ ਹੈ। ਅਸੀਂ ਨਵੇਂ ਕਵੀ ਮਿਲਦੇ ਤਾਂ ਪਾਤਰ ਆਪ ਆਖਦੇ : "ਤੂੰ ਮੈਨੂੰ ਕੁਝ ਸੁਣਾ !" ਕੋਈ ਵਿਰਲਾ ਹੀ ਸਾਡੇ ਵਰਗਿਆਂ ਨੂੰ ਕਹਿੰਦਾ ਹੈ – ਆਹ ਲਿਖੋ, ਔਹ ਪੜ੍ਹੋ, ਆਪਣੀ ਰਚਨਾ ਵਿਚ ਐਥੇ ਮਿਹਨਤ ਕਰੋ। ਸਮਾਗਮ 'ਚੋਂ ਨਿਕਲ ਕੇ ਉਨ੍ਹਾਂ ਨੂੰ ਘਰ ਜਾਣ ਦੀ ਕਾਹਲੀ ਨਹੀਂ ਹੁੰਦੀ ਸੀ। ਇਹ ਸਾਰਾ ਸਮਾਂ ਉਨ੍ਹਾਂ ਆਪਣੀ ਰਚਨਾ, ਆਪਣੇ ਜੀਵਨ, ਤੇ ਸਰੀਰਕ ਆਰਾਮ ਦੀ ਲੋੜ ਵਿਚੋਂ ਕੱਢ ਕੇ ਸਾਨੂੰ ਦਿੱਤਾ ..."

ਟੋਰਾਂਟੋ ਦੇ ਸਾਹਿਤਕ ਇਕੱਠ ਵਿਚ ਵਰਿਆਮ ਸੰਧੂ ਨਾਲ ਹੋਈ ਮੁਲਾਕਾਤ ਵਿਚ ਪਾਤਰ ਨੇ ਕਿਹਾ:

"ਜਦੋਂ ਅਸੀਂ ਸਮਾਗਮਾਂ ਵਿਚ ਮਿਲਦੇ ਹਾਂ, ਤਾਂ ਉਹ ਮਿਲਾਪ ਉਸ ਥਾਂ ਨੂੰ ਤੀਰਥ ਅਸਥਾਨ ਬਣਾ ਦਿੰਦਾ ਹੈ। ਜਿੱਥੇ ਅਸੀਂ ਬੈਠ ਕੇ ਇਕੱਠੇ ਹਸਦੇ ਤੇ ਰੋਂਦੇ ਹਾਂ। ਇਕ ਸਾਂਝਾ ਦਰਦ,

ਖੁਸ਼ੀ ਤੇ ਵਿਸਮਾਦ ਸਾਡੇ ਤੇ ਉਤਰਦਾ ਹੈ। ਉਸ ਵਿਚ ਅਸੀਂ ਆਪਣੇ ਦੁੱਖ ਵਿਸਾਰ ਦੇਂਦੇ ਹਾਂ। ਉਹ ਘੜੀ ਵਾਕਿਆ ਹੀ ਬਹੁਤ ਪਾਵਨ ਤੇ ਪਵਿੱਤਰ ਹੁੰਦੀ ਹੈ। ਅਜਿਹੀ ਘੜੀ ਵਿਚ ਮੇਰੇ ਏਹ ਤੌਖਲੇ ਵੀ ਦੂਰ ਹੋ ਜਾਂਦੇ ਹਨ ਕਿ ਸਾਡੀ ਭਾਸ਼ਾ ਮਰ ਜਾਏਗੀ, ਜਾਂ ਸਾਡਾ ਸੰਗੀਤ ਨਹੀਂ ਰਹੇਗਾ। ਮੈਂ ਕਦੀ ਸ਼ੇਅਰ ਲਿਖਿਆ ਸੀ:

ਚਾਹਵਾਂ ਨੈਣਾਂ ਤੇਰਿਆਂ ਵਿਚ ਦੇਖਦਾ ਜਾਵਾਂ
ਮੈਂ ਅਜੇ ਜਿਉਂਦਾ ਹਾਂ ਜਾਂ ਕਿ ਮਰ ਗਿਆ ਹਾਂ

ਕਿਸੇ ਦੇ ਨੈਣਾਂ ਵਿਚ ਆਪਣੀ ਹਸਤੀ ਨੂੰ ਵੇਖਣਾ, ਆਪਣੀ ਹੋਂਦ ਨੂੰ ਤੱਕਣਾ, ਇਉਂ ਆਪਣੇ ਆਪ ਨੂੰ ਮਿਲਣਾ– ਬਹੁਤ ਚੰਗਾ ਲਗਦਾ ਹੈ ...। ਤੇ ਏਹ ਗੱਲ ਵੀ ਹੈ ਕਿ ਸਾਡੇ ਸਾਰਿਆਂ ਅੰਦਰ ਕਿਤੇ ਕੋਈ ਐਸੀ ਜਗ੍ਹਾ ਹੈ ਜਿੱਥੇ ਅਸੀਂ ਸਾਰੇ ਇੱਕੋ ਜਿਹੇ ਹਾਂ। ਹਰ ਬੰਦਾ ਜਿਵੇਂ ਕੋਈ ਸਾਜ਼ ਹੈ ਤੇ ਉਸ ਵਿਚ ਉਹੀ ਸੁਰਾਂ ਨੇ ਜੋ ਹੋਰ ਸਭਨਾਂ ਵਿਚ ਨੇ। ਸਾ ਰੇ ਗਾ ਮਾ ਵਾਂਗ ਸਾਡੀਆਂ ਸੁਰਾਂ ਨੇ–ਪਿਆਰ, ਮਿਲਾਪ, ਕਾਮਨਾ, ਮਮਤਾ, ਖੌਫ਼, ਨਿਆਂ ਇਤਿਆਦਿ। ਇਸੇ ਕਰਕੇ ਜਦੋਂ ਅਸੀਂ ਆਪਣੇ ਦਿਲ ਦੀ ਗੱਲ ਕਰਦੇ ਹਾਂ ਕਿ ਮੈਨੂੰ ਆਹ ਹੋ ਰਿਹਾ–ਜੇ ਆਪਾਂ ਉਹਨੂੰ ਗਹਿਰੇ ਦਿਲੋਂ ਲਿਖ਼ ਦੇਈਏ ਤਾਂ ਪਤਾ ਲਗਦਾ ਕਿ ਸਾਰਿਆਂ ਨੂੰ ਉਹੀ ਕੁਝ ਹੋ ਰਿਹਾ ਹੁੰਦਾ। ਇਸੇ ਕਰਕੇ ਸਦੀਆਂ ਪਹਿਲਾਂ ਲਿਖ਼ੀ ਕਵਿਤਾ ਵੀ ਸਾਨੂੰ ਪੁਰਾਣੀ ਨਹੀਂ ਲਗਦੀ ਤੇ ਯੂਨਾਨ ਦੇ ਨਾਟਕ ਸਾਨੂੰ ਆਪਣੇ ਲਗਦੇ ਨੇ। ਇਹ ਸਭ ਮਿਲ ਬਹਿਣ ਦਾ ਕ੍ਰਿਸ਼ਮਾ ਹੈ ..."

*

## ਪਾਤਰ ਵਿਰੋਧ

ਪਾਤਰ ਦਾ ਵਿਚਾਰਧਾਰਕ ਵਿਰੋਧ-ਸੱਜੇ ਤੇ ਖੱਬੇ ਦੋਵੇਂ ਪਾਸਿਓਂ ਹੋਇਆ। ਆਮ ਲੋਕਾਂ ਦੀਆਂ ਸਭ ਧਿਰਾਂ ਨੂੰ ਕਲਾਵੇ ਵਿਚ ਲੈ ਕੇ ਤੁਰਨ ਦੀ ਤਾਂਘ ਰਖਦਾ ਉਹ ਬੰਦਾ ਕਿਸੇ ਲਈ 'ਚੋਖਾ-ਖਾੜਕੂ' ਨਹੀਂ ਸੀ, ਕਿਸੇ ਲਈ 'ਲੋੜ-ਜਿੰਨਾ-ਇਨਕਲਾਬੀ' ਨਹੀਂ ਸੀ। ਇੰਨ੍ਹਾਂ ਧਿਰਾਂ ਲਈ ਉਹ ਕਵੀ ਨਹੀਂ, ਕੋਈ ਸੰਦ ਸੀ ਜਿਸਨੂੰ ਆਪਣੀ ਮਰਜ਼ੀ ਦੀ ਇਮਾਰਤ ਉਸਾਰਣ ਲਈ ਵਰਤਣਾ ਸੀ। ਜੇ ਉਹ ਵਰਤੇ ਜਾਣ ਤੋਂ ਇਨਕਾਰ ਕਰੇ ਤਾਂ ਉਨ੍ਹਾਂ ਦਾ ਦੋਸ਼ੀ ਸੀ। ਉਹ ਕੀ ਲਿਖ ਰਿਹਾ ਸੀ-ਮਹੱਤਵਪੂਰਣ ਨਹੀਂ ਸੀ। ਕੀ ਨਹੀਂ ਲਿਖ਼ ਰਿਹਾ ਸੀ-ਉਨ੍ਹਾਂ ਲਈ ਵੱਧ ਮਹੱਤਵਪੂਰਣ ਸੀ।

ਪਰ ਪਾਤਰ ਦਾ ਨਿਜੀ ਵਿਰੋਧ ਉਸਨੂੰ ਮਿਲੇ ਸਨਮਾਨਾਂ ਅਤੇ ਅਹੁਦਿਆਂ ਕਰਕੇ ਬਹੁਤਾ ਹੋਇਆ। ਇਸ ਪ੍ਰਥਾਏ ਨਵਤੇਜ ਭਾਰਤੀ ਦੇ ਸ਼ਬਦ ਹਨ: "ਮੈਂ ਨਹੀਂ ਜਾਣਦਾ ਪਾਤਰ ਨੇ ਸਿਸਟਮ ਨਾਲ਼ ਕੋਈ ਸਮਝੌਤਾ ਕੀਤਾ ਕਿ ਨਹੀਂ? ਜੇ ਰੋਟੀ ਲਈ ਕੀਤੈ ਤਾਂ ਮੈਨੂੰ ਕੋਈ ਫ਼ਰਕ ਨਹੀਂ ਪੈਂਦਾ। ਸਭ ਕਰਦੇ ਨੇ ਜੀਂਦੇ ਰਹਿਣ ਜਾਂ ਬਚੇ ਰਹਿਣ ਲਈ। ਪਰ ਸਮਝੌਤਾ ਕਰਨ ਮਗਰੋਂ ਵੀ ਉਹ ਬੰਜਰ ਧਰਤੀ ਉਤੇ ਕਿਸੇ ਕਵਿਤਾ ਵਰਗਾ ਫੁੱਲ ਉਗਾਅ ਦਏ ਤਾਂ ਏਹ ਖ਼ੂਬਸੂਰਤੀ ਉਹਦੇ ਕੀਤੇ ਸਮਝੌਤੇ ਨਾਲੋਂ ਵੱਡੀ ਹੈ! ਅਜਿਹੀ ਉਮੀਦ ਕਰਨਾ ਕਿ ਫ਼ਲਾਣੀ ਰਚਨਾ ਸਿਰਫ਼ ਚੰਗੀ ਹਰਿਆਈ ਜ਼ਮੀਨ ਵਿਚੋਂ ਹੀ ਉੱਗੇ ਨਾ ਕਿ ਥੋਹਰੀ ਰੇਗਿਸਤਾਨ ਵਿਚੋਂ-ਇਹ ਕਵੀ ਨਾਲ ਜ਼ਿਆਦਤੀ ਹੈ। ਮੇਰਾ ਵਾਸਤਾ ਵਿਅਕਤੀ ਪਾਤਰ ਨਾਲ਼ ਨਹੀਂ, ਕਵੀ ਸੁਰਜੀਤ ਪਾਤਰ ਨਾਲ਼ ਹੈ। ਮੈਨੂੰ ਉਹਦੀ ਸਾਰੀ ਰਚਨਾ ਵਿਚ ਕਿਤੇ ਅਜਿਹਾ ਕੁਝ ਕਦੀ ਨਹੀਂ ਦਿਸਿਆ ਜਿਸ ਤੋਂ ਜਾਪੇ ਕਿ ਕਿਸੇ ਇਨਾਮ ਜਾਂ ਪਦਵੀ ਨੇ ਪਾਤਰ ਦੀ ਕਵਿਤਾ ਨੂੰ 'ਕੰਪ੍ਰੋਮਾਈਜ਼' ਕੀਤਾ ਹੋਵੇ।"

ਪਾਤਰ ਚਲਾ ਗਿਆ ਹੈ। ਉਸਦੇ ਇਨਾਮ ਐਸ ਵੇਲ਼ੇ ਸ਼ੀਸ਼ੇ ਦੀ ਅਲਮਾਰੀ ਵਿਚ ਪਏ ਹਨ। ਕਿਸੇ ਅਰਥ ਵਿਚ ਇੰਨ੍ਹਾਂ ਦਾ ਹੁਣ ਕੋਈ ਅਰਥ ਨਹੀਂ ਰਿਹਾ। ਕੁਝ ਲੇਖਕਾਂ ਨੂੰ ਛੱਡ ਕੇ ਵਿਰਲੇ ਪੰਜਾਬੀ ਪਾਠਕਾਂ ਨੂੰ ਯਾਦ ਹੋਵੇਗਾ ਕਿਹੜੇ ਲੇਖਕ ਨੂੰ ਗਿਆਨਪੀਠ ਜਾਂ ਸਰਸਵਤੀ ਪੁਰਸਕਾਰ ਮਿਲਿਆ ਸੀ। ਪਾਠਕ 'ਪਦਮ-ਸ੍ਰੀ' ਦੀ ਸੂਚੀ ਵੇਖ਼ ਕੇ ਲੇਖਕ ਨਹੀਂ ਚੁਣਦੇ ਜਾਂ ਪੁਸਤਕਾਂ ਨਹੀਂ ਖ਼ਰੀਦਦੇ। ਇਤਿਹਾਸ ਅਤੇ ਸਭਿਆਚਾਰ ਚੰਗੀ ਰਚਨਾ ਨੂੰ ਸਾਂਭ ਲੈਂਦਾ ਹੈ, ਨਿਕੰਮੀ ਨੂੰ ਫ਼ਿਲਟਰ ਕਰ ਦਿੰਦਾ ਹੈ। ਨਕਸਲਬਾੜੀ ਲਹਿਰ ਮਗਰੋਂ ਛਪੀ ਮਣਾਂ-ਮੂੰਹੀਂ ਪੰਜਾਬੀ ਕਵਿਤਾ ਵਿਚੋਂ 5-10 ਲੇਖਕਾਂ ਨੂੰ ਛਡ ਕੇ ਬਾਕੀ ਦੀ ਗੁੰਮਨਾਮ ਹੋ ਚੁੱਕੀ ਹੈ। ਉਹਦੇ ਵਿਚ ਓਸ ਅਨੁਭਵ, ਕਾਵਿਕਤਾ, ਸ਼ਕਤੀ ਜਾਂ ਮੁਹਾਵਰੇ ਦੀ ਕਮੀ ਸੀ ਜੋ ਰਚਨਾ ਨੂੰ ਭਵਿੱਖ ਵਿਚ ਲੈ ਕੇ ਜਾਂਦੇ ਹਨ। ਨਿਰਾ ਜਜ਼ਬਾਤ ਸਾਡੇ ਲਈ ਮੌਕੇ ਤੇ ਤਾੜੀ ਜਾਂ 'ਲਾਈਕ' ਵਜਵਾ ਸਕਦਾ ਹੈ, ਕਵਿਤਾ ਦੀ ਉਮਰ ਲੰਮੀ ਨਹੀਂ ਕਰਦਾ।

8 ਵਰ੍ਹੇ ਪਹਿਲਾਂ ਸਾਥੋਂ ਵਿਛੜੀ, 100 ਨਾਵਲਾਂ ਅਤੇ 20 ਕਥਾ-ਪੁਸਤਕਾਂ ਦੀ ਮਹਾਨ ਬੰਗਾਲੀ ਲੇਖਕ ਮਹਾਸ਼ਵੇਤਾ ਦੇਵੀ (1926 – 2016) ਨੂੰ ਅੱਜ ਉਸਦੀਆਂ ਰਚਨਾਵਾਂ (ਹਜ਼ਾਰ ਚੌਰਾਸੀ ਦੀ ਮਾਂ, ਰੁਦਾਲੀ, ਆਦਿ) ਲਈ ਯਾਦ ਕੀਤਾ ਜਾਂਦਾ ਹੈ ਜਾਂ ਫਿਰ ਬੰਗਾਲ, ਬਿਹਾਰ, ਮੱਧ-ਪ੍ਰਦੇਸ਼ ਅਤੇ ਛੱਤੀਸਗੜ੍ਹ ਦੇ ਸ਼ਬਰ ਅਤੇ ਲੋਧਾ ਕਬਾਇਲੀ ਲੋਕਾਂ

ਦੇ ਹੱਕਾਂ ਵਾਸਤੇ ਲੜਣ ਲਈ ਚੇਤੇ ਕੀਤਾ ਜਾਂਦਾ। ਉਸਨੂੰ ਉਹਦੇ ਸਾਹਿਤ-ਅਕਾਦਮੀ, ਪਦਮ-ਸ੍ਰੀ, ਪਦਮ-ਵਿਭੂਸ਼ਨ, ਗਿਆਨਪੀਠ ਜਾਂ ਰਮਨ-ਮੈਗਸੇਸੇ ਇਨਾਮਾਂ ਲਈ ਨਹੀਂ ਲੱਭਿਆ ਜਾਂ ਭੰਡਿਆ ਜਾਂਦਾ। ਅਜਿਹਾ ਕੁਝ ਹੀ ਸਾਹਿਤ ਅਕਾਦਮੀ ਇਨਾਮ, ਸਾਹਿਤ ਅਕਾਦਮੀ ਫ਼ੈਲੋਸ਼ਿਪ, ਸਾਹਿਤ ਸ਼੍ਰੋਮਣੀ ਇਨਾਮ, ਸ਼੍ਰੋਮਣੀ ਪੰਜਾਬੀ ਸਾਹਿਤਕਾਰ ਐਵਾਰਡ, ਟੈਗੋਰ ਸਾਹਿਤ ਇਨਾਮ, ਪੰਜਾਬ ਕਲਾ ਪ੍ਰੀਸ਼ਦ ਦਾ ਕੁਲ-ਉਮਰ-ਪ੍ਰਾਪਤੀ ਪੁਰਸਕਾਰ, ਅਤੇ ਕਰਤਾਰ ਸਿੰਘ ਧਾਲੀਵਾਲ ਇਨਾਮ ਜਿੱਤਣ ਵਾਲ਼ੇ ਜਸਵੰਤ ਸਿੰਘ ਕੰਵਲ ਲਈ ਸੱਚ ਹੈ। ਇਹ ਸਾਹਿਤ ਅਕਾਦਮੀ ਅਤੇ ਪਦਮ-ਸ੍ਰੀ ਵਿਜੇਤਾ ਸੰਤ ਸਿੰਘ ਸੇਖੋਂ ਲਈ ਵੀ ਸੱਚ ਹੈ। ਸ਼ਿਵ ਕੁਮਾਰ ਨੂੰ ਉਹਦੇ ਬਿਰਹਾ-ਕਾਵਿ ਲਈ ਪੜ੍ਹਿਆ ਜਾਂਦਾ ਹੈ, ਉਹਦੇ ਸਾਹਿਤ-ਅਕਾਦਮੀ ਇਨਾਮ ਕਰਕੇ ਨਹੀਂ। ਦੂਜੇ ਪਾਸਿਓਂ ਵੇਖੋ ਤਾਂ ਨੋਬਲ ਇਨਾਮ ਤੋਂ ਵਾਂਝੇ ਰਹਿਣ ਨੇ ਟੌਲਸਟੌਏ, ਮਾਰਕ ਟਵੇਨ, ਚੈਖੋਵ, ਜੇਮਜ਼ ਜੌਇਸ, ਇਬਸਨ, ਇਮਾਈਲ ਜ਼ੋਲਾ, ਰੌਬਰਟ ਫ਼੍ਰੌਸਟ, ਨੈਬੋਕੋਵ, ਔਡੇਨ, ਬੋਰ੍ਹੇਜ਼, ਗੋਰਕੀ, ਵਰਜੀਨੀਆ ਵੁਲਫ਼, ਮੁਰਾਕਾਮੀ ਜਾਂ ਕਾਫ਼ਕਾ ਦੀਆਂ ਲਿਖ਼ਤਾਂ ਦੀ ਮੰਗ ਨੂੰ ਨਹੀਂ ਘਟਾਇਆ, ਨਾ ਉਨ੍ਹਾਂ ਦੇ ਆਦਰ ਜਾਂ ਰਚਨਾਤਮਕ ਜਲੌਅ ਨੂੰ ਊਣਾ ਕੀਤਾ।

ਹੁਣ ਤੋਂ 10 ਵਰ੍ਹੇ ਮਗਰੋਂ ਪਾਤਰ ਨੂੰ ਵੀ ਉਹਦੇ ਇਨਾਮਾਂ ਜਾਂ ਪ੍ਰਧਾਨਗੀਆਂ ਲਈ ਨਹੀਂ, ਉਹਦੀ ਕਵਿਤਾ ਲਈ ਪੜ੍ਹਿਆ ਜਾਣਾ ਹੈ। ਤਾਂ ਫਿਰ ਜਿਹੜੀ ਗੱਲ ਨੇ 10 ਵਰ੍ਹੇ ਮਗਰੋਂ ਅਰਥਹੀਣ ਹੋ ਜਾਣਾ ਹੈ (ਜਾਂ ਸ਼ਾਇਦ ਹੋ ਹੀ ਚੁੱਕੀ ਹੈ), ਉਸਨੂੰ ਅੱਜ ਕੇਂਦਰ ਵਿਚ ਰੱਖ ਕੇ ਪਾਤਰ-ਕਾਵਿ (ਜਾਂ ਕਿਸੇ ਵੀ ਰਚਨਾ) ਦਾ ਮੁਲੰਕਣ ਕਰਨਾ ਕਿੰਨਾ ਕੁ ਸਾਰਥਕ ਤੇ ਤਰਕਪੂਰਣ ਹੈ?

ਬੇਹਤਰ ਹੈ-ਸਾਡੀ ਸੁਰਤ ਕਵਿਤਾ ਤੇ ਰਹੇ, ਕਵੀ ਤੇ ਨਹੀਂ। ਨਾ ਕਵੀ ਦੀਆਂ ਪ੍ਰਾਪਤੀਆਂ ‘ਤੇ, ਨਾ ਕਮੀਆਂ ‘ਤੇ। ਚੰਗਾ ਅਖਵਾਉਂਦਾ ਕਵੀ ਵੀ ਮਾੜੀ ਕਵਿਤਾ ਲਿਖ਼ ਦੇਂਦਾ ਹੈ। ਕਵੀ ਮੁੱਕ ਜਾਂਦੇ ਨੇ, ਕਵਿਤਾ ਕੀਮਤੀ ਹੋਵੇ ਤਾਂ ਜਿਊਂਦੀ ਰਹਿੰਦੀ ਹੈ। ਇਸ ਲਈ ਚੰਗੇ ਕਵੀ ਨਹੀਂ ਹੁੰਦੇ, ਚੰਗੀ ਕਵਿਤਾ ਹੁੰਦੀ ਹੈ ...

*

ਪੰਜਾਬੀ ਵਿਚ ਸੰਤੁਲਿਤ ਆਲੋਚਨਾ ਦੀ ਕਮੀ ਹੈ। ਅਜਮੇਰ ਰੋਡੇ ਪੰਜਾਬੀ ਦੇ ਉਨ੍ਹਾਂ ਕਵੀਆਂ ਵਿੱਚੋਂ ਹੈ ਜਿਹੜੇ ਦਹਾਕਿਆਂ ਤੋਂ ਅਰੁੱਕ ਅਤੇ ਨਿਰੰਤਰ ਸ਼ਬਦ-ਸਾਧਨਾ ਵਿਚ ਹਨ। ਅਜਮੇਰ ਕੋਲ ਸੰਤੁਲਿਤ ਆਲੋਚਨਾ ਦੀ ਸਮਝ ਹੈ, ਜਿਸਦੀ ਵੰਨਗੀ ਇਹ ਹੈ:

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ

ਬਹੁਤ ਵਰ੍ਹੇ ਪਹਿਲਾਂ ਸਾਡੀ ਇਕ ਮੁਲਾਕਾਤ ਦੌਰਾਨ ਅਜਮੇਰ ਰੋਡੇ ਨੇ ਪਾਤਰ ਦੇ ਉਪਰਲੇ ਸ਼ਬਦਾਂ ਦੀ ਨੁਕਤਾਚੀਨੀ ਕਰਦਿਆਂ ਕਿਹਾ: "ਕਵੀ ਨੂੰ ਇਸ ਗੱਲ ਦੀ ਚਿੰਤਾ ਕਿਉਂ ਹੋਵੇ ਕਿ ਕੋਈ (ਸ਼ਮਾਦਾਨ) ਕੀ ਕਹੇਗਾ? ਉਹਨੂੰ ਆਪਣੇ ਵਿਸ਼ਵਾਸ, ਸੂਝ ਅਤੇ ਦ੍ਰਿਸ਼ਟੀ ਨਾਲ ਆਪਣੀ ਗੱਲ ਕਹਿ ਦੇਣੀ ਚਾਹੀਦੀ ਹੈ, ਕੋਈ ਕੁਝ ਵੀ ਕਹੇ!"

ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ
ਚਾਰ ਕੁ ਬੰਦੇ ਛਡ ਲੈ ਮੋਢਾ ਦੇਣ ਲਈ

ਮੈਂ ਆਖਿਆ: "ਮੈਨੂੰ ਪਾਤਰ ਦੀਆਂ ਇਹ ਉਪਰਲੀਆਂ ਸਤਰਾਂ ਸੁਣ ਕੇ ਬੇਚੈਨੀ ਹੋਈ ਸੀ। ਮੈਂ ਸਮਝ ਸਕਦਾ ਹਾਂ ਪਾਤਰ ਕਹਿ ਰਹੇ ਹਨ ਕਿ ਸੱਚ ਬੋਲਣ ਵਾਲ਼ਾ ਅੰਤ ਨੂੰ ਘੋਰ ਇਕੱਲ੍ਹਾ ਰਹਿ ਜਾਂਦਾ ਹੈ। ਪਰ ਏਹ ਗੱਲ ਹੋਰ ਤਰਾਂ ਕਹੀ ਜਾਣੀ ਚਾਹੀਦੀ ਸੀ। ਹੁਣ ਇਹ ਸੱਚ ਬੋਲਣ ਤੋਂ ਵਰਜਦੀ ਜਾਪਦੀ ਹੈ।"

ਜੋ ਬਦੇਸਾਂ ਚ ਰੁਲ਼ਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ

ਅਜਮੇਰ ਰੋਡੇ ਨੇ ਆਪਣੀ ਪੁਸਤਕ ('ਪਾਸ਼ ਦਾ ਸਾਥ') ਵਿਚ ਲਿਖ਼ਿਆ: "ਮੈਨੂੰ ਪਾਤਰ ਦੇ ਇਹ ਸ਼ਬਦ ਚੰਗੇ ਨਹੀਂ ਲੱਗੇ। ਇਉਂ ਜਿਵੇਂ ਲੋਕ ਬਦੇਸ਼ਾਂ ਵਿਚ ਸਿਰਫ਼ ਰੁਲਣ ਲਈ ਹੀ ਜਾਂਦੇ ਹੋਣ। ਇਹ ਸਹੀ ਨਹੀਂ।"

ਪਿਛਲੇ ਮਹੀਨੇ ਅਜਮੇਰ ਰੋਡੇ ਟੋਰਾਂਟੋ ਆਏ। ਉਹ ਸੁਰਜੀਤ ਪਾਤਰ ਦੇ ਵਿਛੋੜੇ ਤੋਂ ਉਦਾਸ ਸਨ। ਮੈਂ ਪੁੱਛਿਆ: 'ਪਾਤਰ ਦੀ ਪੰਜਾਬੀ ਕਵਿਤਾ ਨੂੰ ਕੀ ਦੇਣ ਹੈ?' ਉਹ ਬੋਲੇ: "ਉਹਨੇ ਸਾਡੀ ਸੰਵੇਦਨਾ ਦਾ ਘੇਰਾ ਵੱਡਾ ਕੀਤਾ ਹੈ। ਉਦਾਹਰਣ ਵਜੋਂ ਏਹ ਤੁਕਾਂ ਵੇਖੋ:

ਕੋਈ ਡਾਲ਼ੀਆਂ ਚੋਂ ਲੰਘਿਆ ਵਾਅ ਬਣਕੇ
ਅਸੀਂ ਰਹਿ ਗਏ ਬਿਰਖ ਵਾਲ਼ੀ ਹਾਅ ਬਣਕੇ
ਪਿਆ ਅੰਬੀਆਂ ਨੂੰ ਬੂਰ ਸੀ ਕਿ ਕੋਇਲ ਕੂਕ ਪਈ
ਕਿਸੇ ਜਿੰਦ ਬੀਆਬਾਨ ਦੀ ਗਵਾਹ ਬਣਕੇ"

ਅਜਮੇਰ ਨੇ ਕਿਹਾ: "ਸਾਨੂੰ ਬਿਰਖਾਂ ਚੋਂ ਲੰਘਦੀ ਵਾਅ ਸਦਾ ਹੀ ਸੁਖਦਾਈ ਤੇ ਕੋਇਲ ਦੀ ਕੂਕ ਖੁਸ਼ੀ ਦਾ ਪ੍ਰਗਟਾਵਾ ਜਾਪਦੀ ਰਹੀ ਹੈ। ਪਾਤਰ ਦੇ ਆਖਣ ਤੋਂ ਪਹਿਲਾਂ ਮੈਂ ਕਦੀ ਸੋਚਿਆ ਨਹੀਂ ਸੀ ਕਿ ਰੁੱਖ ਚੋਂ ਵਗਦੀ ਵਾਅ ਰੁੱਖ ਦੀ ਹਾਅ ਵੀ ਹੋ ਸਕਦੀ ਹੈ ਤੇ ਕੋਇਲ ਦੀ ਕੂਕ ਬੀਆਬਾਨ ਇਕੱਲ਼ੀ ਜ਼ਿੰਦਗੀ ਦਾ ਹੌਕਾ ਵੀ ਹੋ ਸਕਦੀ ਹੈ। ਵੱਡਾ ਕਵੀ ਇਉਂ ਸਾਡੀ ਜਾਣੀ ਪਛਾਣੀ ਸੰਵੇਦਨਾ ਨੂੰ ਨਵੇਂ ਅਰਥ ਦੇਂਦਾ ਹੈ, ਵੱਡਾ ਕਰਦਾ ਹੈ। ਪਾਤਰ ਨੇ ਅਜਿਹਾ ਬਹੁਤ ਕਵਿਤਾਵਾਂ ਵਿਚ ਕੀਤਾ ਹੈ।"

ਮੈਂ ਪੁੱਛਿਆ: 'ਕੋਈ ਐਸੀ ਗੱਲ ਜਿਹੜੀ ਪਾਤਰ ਦਾ ਗੁਣ ਵੀ ਹੋਵੇ ਤੇ ਦੋਸ਼ ਵੀ?' ਅਜਮੇਰ ਬੋਲੇ: ਮੈਂ" ਪਾਤਰ ਦੀਆਂ ਕਵਿਤਾਵਾਂ ਅੰਗਰੇਜ਼ੀ ਵਿਚ ਅਨੁਵਾਦ ਕਰਨ ਲੱਗਾ ਤਾਂ ਬੜਾ ਔਖਾ ਹੋਇਆ। ਅਨੁਵਾਦ ਕੀਤਾ ਪਰ ਅਸੰਤੁਸ਼ਟ ਰਿਹਾ। ਜੇ ਕਵਿਤਾ ਵਿਚਾਰ ਦੇ ਆਲੇ ਦੁਆਲੇ ਬੰਨ੍ਹੀ ਹੋਵੇ ਤਾਂ ਅਨੁਵਾਦ ਸੌਖਾ ਹੋ ਜਾਂਦਾ ਹੈ। ਪਾਤਰ ਦੀ ਕਵਿਤਾ ਭਾਵ ਦੀਆਂ ਤੰਦਾਂ ਨਾਲ ਬੱਝੀ ਹੈ। ਉਹ ਪਾਠਕ ਅੰਦਰ ਭਾਵ ਨੂੰ ਪਹਿਲਾਂ ਜਗਾਉਂਦਾ ਹੈ, ਵਿਚਾਰ ਨੂੰ ਭਾਵ ਦੇ ਕੇਂਦਰ ਵਿਚ ਲੁਕਾ ਕੇ ਪਾਠਕ ਅੰਦਰ ਦਾਖ਼ਲ ਕਰਦਾ ਹੈ। ਭਾਵ ਦਾ ਤਰਜਮਾ ਦੂਜੀ ਭਾਸ਼ਾ ਵਿਚ ਕਰਨਾ ਔਖਾ ਹੈ। ਇੰਨ੍ਹਾਂ ਉਪਰਲੀਆਂ ਚਾਰ ਸਤਰਾਂ ਨੂੰ ਹੀ ਵੇਖ ਲਵੋ। ਇੰਨ੍ਹਾਂ ਨੂੰ ਅੰਗਰੇਜ਼ੀ ਵਿਚ ਇਉਂ ਅਨੁਵਾਦਣਾ ਕਿ ਅਸਲੀ ਭਾਵ ਪਾਠਕ ਅੰਦਰ ਜੋਤ ਵਾਂਗ ਜਗ ਜਾਵੇ-ਇਹ ਲਗਭਗ ਅਸੰਭਵ ਹੈ। ਇਸ ਗੱਲ ਨੇ ਪਾਤਰ ਦਾ ਨੁਕਸਾਨ ਕੀਤਾ ਹੈ। ਉਹਦੀ ਕਵਿਤਾ ਪੰਜਾਬੀ ਤੋਂ ਬਾਹਰ ਬਹੁਤੀ ਦੂਰ ਨਹੀਂ ਜਾ ਸਕਣੀ। ਸੱਚ ਇਹ ਹੈ ਕਿ ਪਾਤਰ ਦੀ ਕਵਿਤਾ ਪੰਜਾਬੀ ਬੰਦੇ ਨਾਲ ਸੰਪੂਰਨ ਇੱਕਮਿੱਕ ਤੇ ਰਲਗੱਡ ਹੈ, ਦੋਵੇਂ ਇਕ ਦੂਜੇ ਵਿਚ ਪਰੋਏ ਹੋਏ ਹਨ। ਪਾਤਰ ਦੀ ਕਵਿਤਾ ਸਿਰਫ਼ ਪੰਜਾਬੀ ਬੰਦੇ ਵਾਸਤੇ ਹੀ ਲਿਖ਼ੀ ਗਈ ਹੈ, ਉਹੀ ਏਹਦੀ ਰਮਜ਼ ਨੂੰ ਸੰਪੂਰਨ ਸਮਝ ਸਕਦਾ, ਆਪਣੇ ਹੱਡਾਂ ਵਿਚ ਮਹਿਸੂਸ ਕਰ ਸਕਦਾ। ਕਿਸੇ ਨੂੰ ਪਾਤਰ ਚੰਗਾ ਲੱਗੇ ਭਾਵੇਂ ਮਾੜਾ-ਨਾ ਪਾਤਰ ਵਿਚੋਂ ਪੰਜਾਬ ਕੱਢਿਆ ਜਾ ਸਕਦਾ, ਨਾ ਪੰਜਾਬ ਵਿਚੋਂ ਪਾਤਰ ਨੂੰ ..."

ਮੈਂ ਪੁੱਛਿਆ : 'ਪਾਤਰ ਦੀ ਕਵਿਤਾ ਨਾਲ ਜਿੱਥੇ ਜਿੱਥੇ ਤੁਸੀਂ ਅਸਹਿਮਤ ਹੋ, ਉਹ...?'
ਅਜਮੇਰ ਬੋਲੇ: "ਓਸ ਨਾਲ਼ ਮੈਂ ਹਾਲੇ ਵੀ ਅਸਹਿਮਤ ਹਾਂ !"
ਮੈਂ ਆਖ਼ਰੀ ਸੁਆਲ ਪੁੱਛਿਆ: 'ਪਾਤਰ ਕਿੱਡਾ ਕੁ ਵੱਡਾ ਕਵੀ ਹੈ?' ਅਜਮੇਰ ਬੋਲੇ: "ਫ਼ੈਜ਼ ਅਹਿਮਦ ਫ਼ੈਜ਼ ਨਾਲੋਂ ਵੱਡਾ ...! ਹੋਰਨਾਂ ਦਾ ਪਤਾ ਨਹੀਂ, ਘੱਟੋ ਘੱਟ ਮੇਰੀ ਨਜ਼ਰ ਵਿਚ ਤਾਂ ਹੈ।"

ਅਜਮੇਰ ਆਪ ਵੀ ਪੰਜਾਬੀ ਕਵਿਤਾ ਦੇ ਚੋਣਵੇਂ ਵੱਡੇ ਕਵੀਆਂ ਵਿਚੋਂ ਹੈ। ਪਰ ਇਹ ਸ਼ਬਦ ਆਖ ਕੇ ਅਜਮੇਰ ਨੇ ਪਾਤਰ ਨੂੰ ਆਪਣੇ ਤੋਂ ਵੱਡਾ ਕਵੀ ਕਹਿ ਦਿੱਤਾ। ਇਹ ਹੈ ਉਹ ਵਿਰੋਧ, ਉਹ ਸੰਤੁਲਿਤ ਆਲੋਚਨਾ-ਜਿਸਨੂੰ ਸੁਣਨ ਵਾਸਤੇ ਕੰਨ ਤਰਸੇ ਰਹਿੰਦੇ ਹਨ ...

*

ਪਾਤਰ ਦੇ ਵਿਰੋਧੀਆਂ ਨੂੰ ਉਨ੍ਹਾਂ ਦੀ ਕਵਿਤਾ ਨਹੀਂ ਸੁਣੀ। ਪਰ ਜਿੰਨ੍ਹਾਂ ਲਈ ਲਿਖੀ ਗਈ ਸੀ, ਉਨ੍ਹਾਂ ਸਾਰਿਆਂ ਨੂੰ ਤਾਂ ਸੁਣੀ। ਅੰਮ੍ਰਿਤਸਰੋਂ ਛਪੇ ਨਵੇਂ ਖ਼ੂਬਸੂਰਤ ਪਰਚੇ 'ਸੁਰਤਿ' ਦੇ ਸੰਪਾਦਕ ਗੁਰਬੀਰ ਬਰਾੜ ਨੇ ਦੱਸਿਆ: "ਮੇਰਾ ਪਿੰਡ ਮਾਝੇ ਵਿਚ ਹੈ। ਪਿੰਡ ਵਿਚ ਕੋਈ ਕਵਿਤਾ ਨਹੀਂ ਪੜ੍ਹਦਾ। ਹਾਂ, ਫ਼ੇਸਬੁੱਕ ਤੇ ਤਿੰਨ ਗਰੁੱਪ ਬਣੇ ਹੋਏ ਨੇ। ਮੈਨੂੰ ਪਾਤਰ ਹੁਰਾਂ ਦੇ ਵਿਛੋੜੇ ਦਾ ਪਤਾ ਉਨ੍ਹਾਂ ਤੋਂ ਮਿਲਿਆ। ਸਭਨਾਂ ਨੇ ਪਾਤਰ ਦੀ ਕਿਸਾਨ ਮੋਰਚੇ ਦੀ ਕੋਈ ਨਾ ਕੋਈ ਕਵਿਤਾ ਹਵਾਲੇ ਵਜੋਂ ਲਿਖੀ ਸੀ ਕਿ ਐਹ ਆਖਣ ਵਾਲ਼ਾ ਬੰਦਾ ਅੱਜ ਸਾਥੋਂ ਵਿੱਛੜ ਗਿਆ ...

ਆਖੀ ਸੀ ਕਦੇ ਇਕ ਪੁਰਖੇ ਨੇ ਉਹ ਬਾਤ ਅਜੇ ਤੱਕ ਹੈ ਸੱਜਰੀ
ਨਹੀਂ ਕੰਮ ਥਕਾਉਂਦਾ ਬੰਦੇ ਨੂੰ, ਬੰਦੇ ਨੂੰ ਥਕਾਉਂਦੀ ਬੇਕਦਰੀ
ਇਹ ਦੁੱਖ ਓਸੇ ਬੇਕਦਰੀ ਦਾ, ਇਹ ਸੱਲ ਓਸੇ ਅਪਮਾਨ ਦਾ ਏ ... "

ਜਿੰਨ੍ਹਾਂ ਦਾ ਸੁਰਜੀਤ ਪਾਤਰ ਨਾਲ ਵਿਰੋਧ ਹੈ, ਉਨ੍ਹਾਂ ਕੋਲ ਆਪਣੇ ਵਿਰੋਧ ਦੇ ਕਾਰਣ ਹਨ। ਇੰਨ੍ਹਾਂ ਕਾਰਣਾਂ ਕਰਕੇ ਉਹ ਸੁਰਜੀਤ ਪਾਤਰ ਦੇ ਵਿਰੁੱਧ ਤਾਂ ਹਨ, ਪਰ ਉਸ ਪ੍ਰਤੀ ਫਿਕਰਮੰਦ ਨਹੀਂ। ਪਾਤਰ ਵਰਗੇ ਬੰਦੇ, ਜਦੋਂ ਫ਼ਿਕਰਮੰਦ ਹੁੰਦੇ ਹਨ ਤਾਂ ਸਭਨਾਂ ਲਈ ਫ਼ਿਕਰਮੰਦ ਹੁੰਦੇ ਹਨ, ਆਪਣੇ ਵਿਰੋਧੀਆਂ ਲਈ ਵੀ ਚਿੰਤਿਤ ਹੁੰਦੇ ਹਨ। ਉਸੇ ਸਾਂਝੇ ਫ਼ਿਕਰ ਵਿਚੋਂ ਹੀ ਅਜਿਹੀਆਂ ਸਤਰਾਂ ਜਨਮਦੀਆਂ ਹਨ:

ਇਕ ਦੂਸਰੇ ਦੇ ਦੁੱਖ ਦਾ ਹੀ ਸਾਨੂੰ ਆਸਰਾ ਹੈ

ਸਾਰੇ ਉੱਜੜ ਗਏ ਹਾਂ ਬਸ ਇਹੀ ਹੌਂਸਲਾ ਹੈ
ਕਿਆ ਬਾਤ ਹੈ ਇਹ ਵੱਸਣਾ ਇਸ ਉੱਜੜਿਆਂ ਦੀ ਬਸਤੀ
ਕਿਆ ਬਾਤ ਹੈ ਏਹ ਏਨੇ ਬੇਜਾਨ ਹੋ ਕੇ ਜਿਊਣਾ ...

*

## ਨਾ ਅੰਤਮ ਨਾ ਅੰਤ

ਇਹ ਸ਼ਾਇਦ ਸਾਡਾ ਭੁਲੇਖਾ ਹੈ ਕਿ ਪੰਜਾਬ ਕਵਿਤਾ ਵਲ ਧਿਆਨ ਨਹੀਂ ਧਰਦਾ। ਪੰਜਾਬ ਕਵਿਤਾ ਪੜ੍ਹਦਾ ਨਹੀਂ, ਸੁਣਦਾ ਹੈ। ਉਹ ਕਵਿਤਾ ਲਈ ਆਪਣਾ ਕੰਨ ਖੋਲ੍ਹ ਕੇ ਰਖਦਾ ਹੈ, ਅੱਖ ਨਹੀਂ। ਕਵਿਤਾ ਨੂੰ ਪੰਜਾਬੀ ਪਾਠਕ ਕੋਲ ਜਾਣਾ ਪੈਂਦਾ ਹੈ। ਗਾਇਕ ਨੂੰ ਪਿੰਡ ਵਿਚ ਅਖਾੜਾ ਲਾਉਣਾ ਪੈਂਦਾ ਹੈ। ਪਰ ਜਦ ਉਹ ਆ ਜਾਵੇ ਤਾਂ ਸ੍ਰੋਤਾ ਹੁੰਮਹੁੰਮਾ ਕੇ ਆਉਂਦਾ ਹੈ। ਏਹਦਾ ਸਬੂਤ ਬੀਤੇ ਸਮੇਂ ਦੀ ਕਵੀਸ਼ਰੀ ਹੈ। ਕਵਿਤਾ ਨੇ ਪਾਠਕਾਂ ਤੋਂ ਮੂੰਹ ਮੋੜਿਆ, ਸ੍ਰੋਤਿਆਂ ਨੇ ਕਵਿਤਾ ਤੋਂ ਨਹੀਂ।

ਜਦ ਕਵਿਤਾ ਅਕਾਦਮਿਕ ਅਦਾਰਿਆਂ ਵਿਚ ਕੈਦ ਹੋਣ ਲੱਗੀ ਤਾਂ ਸਟੇਜੀ ਕਵੀਆਂ ਨੂੰ ਨੀਵੀਂ ਜ਼ਾਤ ਸਮਝਿਆ ਜਾਣ ਲੱਗਾ ਤੇ ਹਾਸਰਸ ਦੇ ਕਵੀਆਂ ਨੂੰ ਮਦਾਰੀ। ਅੰਮ੍ਰਿਤਾ ਪ੍ਰੀਤਮ ਦੇ ਵੇਲ਼ੇ ਤੋਂ ਹੀ ਕਵਿਤਾ ਦੀ ਭਾਸ਼ਾ ਉਲਝਣ ਲੱਗ ਪਈ। ਬਿੰਬ ਕਵਿਤਾ ਦੇ ਕੇਂਦਰ ਵਿਚ ਆ ਗਿਆ, ਭਾਵ ਨੇ ਮੱਧ ਘੇਰ ਲਿਆ, ਵਿਚਾਰ ਪਰਿਧੀ ਤੇ ਖਿਸਕ ਗਿਆ। ਪ੍ਰਯੋਗਵਾਦੀ ਦੌਰ ਨੇ ਵੀ ਆਪਣਾ ਹਿੱਸਾ ਪਾਇਆ। ਦੂਜੇ ਪਾਸੇ ਖੱਬੇ-ਪੱਖੀ ਪ੍ਰਭਾਵ ਹੇਠਾਂ ਕਵਿਤਾ ਦੇ ਨਾਂ ਤੇ ਅਜਿਹਾ ਕੁਝ ਲਿਖਿਆ ਗਿਆ ਜਿਸਦਾ 90% ਹੁਣ ਪਾਠਕਾਂ ਦੇ ਚੇਤਿਆਂ ਵਿਚੋਂ ਵਿਸਰ ਚੁੱਕਾ ਹੈ ਕਿਉਂਕਿ ਉਸ ਵਿਚੋਂ ਕਾਵਿਕਤਾ ਗੁੰਮ ਸੀ। ਕਵਿਤਾ ਜਿਸ ਤਰੀਕੇ ਨਾਲ ਪਾਠਕ ਦਾ ਅੰਤਰ ਚੀਰ ਕੇ ਉਹਦੇ ਅਚੇਤ ਤਾਈਂ ਜਾਂਦੀ ਹੈ, ਬਹੁਤੀ 'ਲੋਕ-ਕਵਿਤਾ' ਉਸ ਜਾਣਕਾਰੀ ਅਤੇ ਵਿਧੀ ਤੋਂ ਸੱਖਣੀ ਸੀ।

ਪਾਤਰ ਨੇ ਏਨ੍ਹਾਂ ਗੱਲਾਂ/ਗ਼ਲਤੀਆਂ ਨੂੰ ਦਰੁਸਤ ਕੀਤਾ। ਉਹਦੀ ਬੋਲੀ ਵਿਚ ਅਜਿਹੇ ਬਿੰਬ ਹਨ ਜਿਹੜੇ ਇਕ ਅਨਪੜ੍ਹ ਨੂੰ ਵੀ ਸਮਝ ਆਉਂਦੇ ਹਨ। ਉਹਦੇ ਫ਼ਿਕਰ ਸਭਨਾਂ ਲਈ ਸਨ। ਉਹ ਪਾਠਕ ਨੂੰ ਕਵਿਤਾ ਸੁਣਾਉਣ ਆਪ ਗਿਆ। ਉਹ ਇਕ ਵਾਰੀ ਗਿਆ ਤਾਂ ਸ੍ਰੋਤਾ 10 ਵਾਰੀ ਆਪ ਆ ਗਿਆ।

ਸਵਰਾਜਬੀਰ ਦੇ ਸ਼ਬਦਾਂ ਵਿਚ: "ਸੁਰਜੀਤ ਪਾਤਰ ਨੇ ਪਿਛਲੇ 40 ਵਰ੍ਹਿਆਂ ਤੋਂ ਪੰਜਾਬੀ ਸ਼ਾਇਰੀ ਦੀ ਆਬ ਨੂੰ ਕਾਇਮ ਰੱਖਣ ਦੇ ਨਾਲ਼ ਨਾਲ਼ ਪੰਜਾਬੀ ਬੰਦੇ ਦਾ ਸ਼ਾਇਰੀ ਵਿਚ ਵਿਸ਼ਵਾਸ ਬਣਾਈ ਰੱਖਿਆ ਹੈ। ਉਸਨੇ ਬਲ਼ਦੇ ਹੱਥਾਂ ਤੇ ਪੰਜਾਬ ਲਈ ਧੜਕਦੇ ਸੁਲਗਦੇ ਦਿਲ ਨਾਲ ਸ਼ਾਇਰੀ ਕੀਤੀ। ਹਰ ਸ਼ਬਦ ਘੜਿਆ ਹੋਇਆ, ਪੰਜਾਬ ਦੇ ਅਤੀਤ ਅਤੇ ਵਰਤਮਾਨ ਦੀ ਹਵਾ-ਮਿੱਟੀ ਵਿਚ ਉੱਕਰਿਆ ਹੋਇਆ। ਹਰ ਸ਼ਬਦ ਆਪਣੀ ਥਾਂ ਤੇ, ਜਿਵੇਂ ਉਸਨੂੰ ਵਿਸ਼ਵਾਸ ਸੀ ਕਿ ਸੁਰਜੀਤ ਪਾਤਰ ਉਸਨੂੰ ਉਸਦੇ ਸਹੀ ਸਥਾਨ ਤੇ ਰੱਖੇਗਾ, ਉਸਦੀ ਆਬਰੂ ਨੂੰ ਪਛਾਣੇਗਾ, ਉਸਨੂੰ ਪੰਜਾਬ ਦੇ ਲੋਕਾਂ ਦੇ ਦਿਲਾਂ ਦੇ ਲੜਾਂ ਨਾਲ ਬੰਨ੍ਹ ਦੇਵੇਗਾ, ਇਉਂ ਕਿ ਉਹ ਹਵਾ ਵਿਚ ਸੁਲਗਦੇ ਰਹਿਣਗੇ..."।

ਪਾਤਰ ਦੇ ਜੀਂਦੇ ਜੀਅ ਅਸੀਂ ਉਨ੍ਹਾਂ ਨੂੰ ਕਵੀ ਸਮਝਦੇ ਰਹੇ। ਉਨ੍ਹਾਂ ਦੇ ਜਾਣ ਮਗਰੋਂ ਪਤਾ ਲੱਗਾ – ਉਹ ਵਿਅਕਤੀ ਨਹੀਂ, ਵਰਤਾਰਾ (ਫ਼ਿਨਾਮਿਨਾ) ਸੀ। ਅੱਜ ਦੇ ਪੰਜਾਬ ਵਿਚ ਕੋਈ ਵਿਰਲਾ ਹੋਵੇਗਾ ਜਿਸਦੇ ਜਾਣ 'ਤੇ ਲਗਭਗ ਸਾਰਾ ਪੰਜਾਬ ਇਉਂ ਭੁੱਬ ਮਾਰ ਕੇ ਉਦਾਸ ਹੋਵੇ। ਉਹ ਜਿੰਨ੍ਹਾਂ ਨੇ ਪਾਤਰ ਨੂੰ ਜਾਣ ਮਗਰੋਂ ਵੀ ਨਿੰਦਿਆ ਹੈ–ਉਹ ਵੀ ਪਾਤਰ ਤੋਂ ਅਭਿੱਜ ਹੋਣੋਂ ਅਸਮਰਥ ਹਨ ...

ਸੁਰਜੀਤ ਪਾਤਰ ਪ੍ਰਤੀ ਆਪਣੀ ਸ਼ਰਧਾ ਘਿਰਣਾ ਜਾਂ ਪੀੜ–ਸਭ ਨੂੰ ਪਾਸੇ ਰੱਖ ਕੇ ਸਾਨੂੰ ਆਪੋ ਆਪਣੀ ਥਾਂ ਕਿਸੇ ਪਲ ਨਿੱਠ ਕੇ ਬਹਿ ਕੇ-ਇਹ ਸਮਝਣਾ ਚਾਹੀਦਾ ਹੈ ਕਿ ਸ਼ਿਵ ਕੁਮਾਰ ਦੇ ਜਾਣ ਮਗਰੋਂ 50 ਸਾਲ ਲਗ਼ਾਤਾਰ ਪੰਜਾਬੀ ਕਾਵਿ ਦੀ ਨਿਰੰਤਰ ਗੂੰਜਦੀ ਆਵਾਜ਼ ਪਾਤਰ ਹੀ ਕਿਉਂ ਰਿਹਾ? ਮਹਿਜ਼ ਇਹ ਕਹਿਣ ਨਾਲ ਕਿ ਉਹਦੀ ਸ਼ੋਹਰਤ ਸ਼ਿਵ ਕੁਮਾਰ ਵਾਂਗ ਸਰੋਦੀ ਹੋਣ ਵਿਚ ਸੀ–ਅਸੀਂ ਕਿਸੇ ਵੱਡੀ ਗੱਲ ਨੂੰ ਸਮਝਣੋਂ ਖੁੰਝ ਜਾਵਾਂਗੇ। ਇਸ ਗੱਲ ਦਾ ਸਬੰਧ ਪੰਜਾਬੀ ਬੰਦੇ ਦੇ ਅਵਚੇਤਨ ਨਾਲ ਹੈ। ਏਹ ਬੰਦਾ ਕਿਹੜੀ ਕਵਿਤਾ ਦੇ ਕੋਲ ਜਾਂਦਾ ਹੈ, ਕਿਸ ਨੂੰ ਗਲ਼ ਲਾਉਂਦਾ ਹੈ, ਕਿਸ ਨੂੰ ਆਪਣੇ ਹਿਰਦੇ ਵਿਚ ਸਾਂਭ ਕੇ ਰਖਦਾ ਹੈ? ਇਹ ਜਾਨਣਾ ਸਾਡੇ ਲਿਖ਼ਣ ਵਾਲ਼ਿਆਂ ਲਈ ਆਵੱਸ਼ਕ ਹੈ।

ਉਪਰਲੇ ਸੁਆਲ ਦੇ ਜੁਆਬ ਹਰ ਕਿਸੇ ਦੇ ਵੱਖੋ ਵੱਖਰੇ ਹੋਣਗੇ। ਮੈਨੂੰ ਜਾਪਦਾ ਹੈ: ਕਾਰਣ ਬਹੁਤ ਸਾਧਾਰਣ ਸੀ–ਸੁਰਜੀਤ ਪਾਤਰ ਆਪਣੀ ਕਵਿਤਾ ਵਿਚ ਝੂਠ ਨਹੀਂ ਸੀ ਬੋਲਦਾ ... ਬਸ ! ਪਰ ਲਿਖਣ ਵਾਸਤੇ ਇਹੀ ਸਭ ਤੋਂ ਔਖਾ ਕਾਰਣ ਹੈ !

ਕਵਿਤਾ ਵਿਚ ਝੂਠ ਹੁੰਦਾ ਕੀ ਹੈ? ਬਿਨਾ ਅਨੁਭਵ ਤੋਂ ਜੋ ਲਿਖਿਆ ਜਾਵੇ, ਉਹ ਝੂਠ ਹੁੰਦਾ ਹੈ। 25 ਵਰ੍ਹੇ ਪਹਿਲਾਂ ਨਵਤੇਜ ਭਾਰਤੀ ਨੇ ਮੈਨੂੰ ਕਿਹਾ–"ਜੇ ਭਾਈ ਮਨੀ ਸਿੰਘ ਦੀ ਕਵਿਤਾ ਲਿਖਦਿਆਂ ਤੇਰਾ ਬੰਦ ਬੰਦ ਨਹੀਂ ਕੱਟਿਆ ਜਾ ਰਿਹਾ, ਤਾਂ ਤੂੰ ਹਾਲੇ ਠਹਿਰ ਜਾ। ਜੇ ਹੁਣੇ ਕਵਿਤਾ ਲਿਖੀ ਤਾਂ ਝੂਠ ਬੋਲ ਜਾਏਂਗਾ ..."

ਅਸੀਂ ਕਵਿਤਾ ਵਿਚ ਸਾਰੇ ਸ਼ਬਦ "ਠੀਕ" ਲਿਖ਼ ਸਕਦੇ ਹਾਂ। ਬਹਿਰ ਵਿਚ ਪਰਪੱਕ ਹੋ ਸਕਦੇ ਹਾਂ। ਸਾਡੇ ਵਿਚਾਰ ਤਰਕਪੂਰਣ ਹੋ ਸਕਦੇ ਹਨ, ਸਭਨਾਂ ਵੱਲੋਂ ਸਵੀਕਾਰੇ ਹੋਏ ਤੇ ਪ੍ਰਚੱਲਤ ਵੀ ਹੋ ਸਕਦੇ ਹਨ। ਪਰ ਇਹ ਸਭ ਤਾਂ ਜਾਣਕਾਰੀ, ਵਿਦਿਆ, ਸਿਖਲਾਈ, ਗਿਆਨ ਅਤੇ ਕ੍ਰਾਫ਼ਟ ਦਾ ਖੇਤਰ ਹੈ। ਈਲੀਅਟ ਕਹਿੰਦਾ ਹੈ: 'ਰਿਦਮ ਜੇਕਰ ਕਵੀ ਦੇ ਅੰਦਰ ਨਹੀਂ ਜਾਗੀ ਤਾਂ ਕਵਿਤਾ ਵਿਚ ਵੀ ਨਹੀਂ ਜਾਗ ਸਕੇਗੀ' (ਭਾਵੇਂ ਉਹਦੀ ਬਹਿਰ ਸਹੀ ਹੋਵੇ)।

"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ" : ਇਹ ਸ਼ਬਦ ਬਾਬਾ ਨਾਨਕ ਨੇ ਸੱਜਣ ਠੱਗ ਅੱਗੇ ਉਚਾਰਿਆ ਤਾਂ ਉਹ ਅੰਦਰੋਂ ਬਾਹਰੋਂ ਬਦਲ ਗਿਆ। ਏਹੀ ਸ਼ਬਦ ਨਾਨਕ ਜੀ ਦਾ ਗ੍ਰੰਥੀ ਅੱਜ ਗੁਰਦੁਆਰੇ ਵਿਚ ਗਾਉਂਦਾ ਹੈ ਤਾਂ ਉਹਦੇ ਸਾਮ੍ਹਣੇ ਬੈਠੇ ਕਿਸੇ ਸੱਜਣ ਠੱਗ ਅੰਦਰ ਰੱਤੀ ਭਰ ਵੀ ਕੁਝ ਨਹੀਂ ਹਿਲਦਾ, ਨਾ ਤਬਦੀਲ ਹੁੰਦਾ। ਕਿਉਂ? ਉਹੀ ਸ਼ਬਦ ਹੈ, ਗਾਇਆ ਵੀ ਸ਼ੁੱਧ ਹੈ, ਰਾਗ ਵਿਚ ਵੀ, ਠੀਕ ਸਮੇਂ ਤੇ ਵੀ। ਪਰ ਗ੍ਰੰਥੀ ਜੀ ਦਾ ਅਨੁਭਵ ਉਹ ਨਹੀਂ ਜਿਹੜਾ ਨਾਨਕ ਦਾ ਹੈ। ਇਹ ਸ਼ਬਦ ਉਨ੍ਹਾਂ ਦੀ ਚੇਤਨਾ ਵਿਚੋਂ ਓਵੇਂ ਨਹੀਂ ਜਾਗੇ, ਉਨ੍ਹਾਂ ਦੇ ਸਰੀਰ ਵਿਚੋਂ ਉਵੇਂ ਪਾਰਾ ਬਣ ਕੇ ਨਹੀਂ ਥਿਰਕੇ ਜਿਵੇਂ ਨਾਨਕ ਦੇ ਸਰੀਰ ਵਿਚੋਂ ਥਿਰਕੇ ਸਨ। ਗ੍ਰੰਥੀ ਜੀ ਨੇ ਪੜ੍ਹੇ ਹਨ, ਯਾਦ ਕੀਤੇ ਹਨ, ਉਚਾਰ ਦਿੱਤੇ ਹਨ। ਨਾਨਕ ਅੰਦਰੋਂ ਜਾਗੇ ਹਨ ਇਹ ਸ਼ਬਦ।

ਸ਼ਬਦ ਵਿਚ ਦੋ ਚੀਜਾਂ ਹੁੰਦੀਆਂ ਹਨ: ਅਰਥ ਅਤੇ ਸ਼ਕਤੀ। ਹਰ ਸ਼ਬਦ ਦਾ ਅਰਥ ਲਗਭਗ ਸਥਾਪਤ ਹੈ, ਸ਼ਬਦ-ਕੋਸ਼ ਵਿਚੋਂ ਮਿਲ ਸਕਦਾ ਹੈ। ਪਰ ਸ਼ਬਦ ਦੇ ਨਾਲ ਜਿਹੜਾ ਭਾਵ ਸ੍ਰੋਤੇ ਤਕ, ਜਾਂ ਜਿਹੜੀ ਸ਼ਕਤੀ ਪਾਠਕ ਤਕ ਪਹੁੰਚਦੀ ਹੈ, ਉਹ ਸ਼ਬਦ-ਬੁਣਤਰ ਜਾਂ ਬਿੰਬਾਂ ਦੀ ਨਹੀਂ, ਕਵੀ ਦੇ ਸਰੀਰ+ਚੇਤਨਾ ਨਾਲ ਜੀਵੇ ਨਿਜੀ ਅਨੁਭਵ ਦੀ ਹੁੰਦੀ ਹੈ। ਜੇ ਕਵੀ ਨੇ ਮਜ਼ਲੂਮ ਦੀ ਪੀੜ ਨੂੰ ਅਨੁਭਵ ਕੀਤੇ ਬਿਨਾ 'ਲੋਕ-ਕਵਿਤਾ' ਲਿਖ਼ ਦਿੱਤੀ ਹੈ ਤਾਂ ਸਾਰੇ 'ਠੀਕਾਂ' ਦੇ ਬਾਵਜੂਦ ਏਹ ਕਵਿਤਾ ਕੁਝ ਨਹੀਂ ਕਰ ਸਕੇਗੀ। **"ਇਸ ਅਦਾਲਤ**

**'ਚ ਬੰਦੇ ਬਿਰਖ ਹੋ ਗਏ"**, ਪਾਤਰ ਨੇ ਜਦ ਇਹ ਸ਼ਬਦ ਆਪਣੇ ਅੰਦਰ ਸੁਣੇ ਸਨ ਤਾਂ ਉਨ੍ਹਾਂ ਪਲਾਂ ਵਿਚ ਉਹ ਖ਼ੁਦ ਸੁੱਕਾ ਬਿਰਖ ਹੋ ਗਿਆ ਹੋਣਾ। ਸਾਨੂੰ ਜੋ ਲਰਜ਼ਾਉਂਦਾ ਹੈ ਉਹ ਇਹ ਸ਼ਬਦ ਨਹੀਂ, ਪਾਤਰ ਦੇ ਆਪਣੇ ਸਰੀਰ ਅੰਦਰ ਉਤਰੀ ਝਰਨਾਹਟ ਹੈ ਜੋ ਪਾਤਰ ਦੀ ਝੀਲ ਅੰਦਰ ਡਿੱਗੇ ਪੱਥਰ 'ਚੋਂ ਉਪਜਣ ਦੇ 50 ਵਰ੍ਹੇ ਮਗਰੋਂ ਵੀ ਸਾਡੇ ਤਕ ਪਹੁੰਚ ਰਹੀ ਹੈ ...

ਇਸ ਅਨੁਭਵ, ਇਸ ਝਰਨਾਹਟ ਪ੍ਰਤੀ ਕਵੀ ਝੂਠ ਨਹੀਂ ਬੋਲ਼ ਸਕਦਾ। ਜੇ ਇਹ ਉਸ ਅੰਦਰ ਜਾਗੀ ਨਹੀਂ ਤਾਂ ਉਹ ਕਿਸੇ ਮਸਨੂਈ ਵਿਧੀ ਨਾਲ ਏਸ ਝਰਨਾਹਟ ਨੂੰ ਆਪਣੀ ਕਵਿਤਾ ਵਿਚ ਨਹੀਂ ਭਰ ਸਕਦਾ। ਪਾਠਕ ਜਾਂ ਸ੍ਰੋਤੇ ਨੂੰ ਇਹ ਝੂਠ/ਸੱਚ ਕਿਵੇਂ ਪਤਾ ਲਗਦਾ ਹੈ? ਇਹ ਕੁਦਰਤ ਦਾ ਭੇਦ ਹੈ। ਸ਼ਾਇਦ ਸਾਡੇ ਅੰਦਰ ਸੱਚ ਅਤੇ ਝੂਠ ਦੀਆਂ ਤਰੰਗਾਂ ਨੂੰ ਫੜਣ ਪਛਾਣਨ ਵਾਲੇ ਸੂਖਮ ਤੰਤੂ ਮੌਜੂਦ ਹਨ, ਜਿੰਨ੍ਹਾਂ ਦਾ ਸਾਨੂੰ ਵੀ ਪਤਾ ਨਹੀਂ...

ਕਵੀ ਜਗਤਾਰ ਟੋਰਾਂਟੋ ਆਏ। ਕਿਸੇ ਨੇ ਪੁੱਛਿਆ: 'ਤੁਸੀਂ ਨਕਸਲੀ ਦੌਰ ਦੀਆਂ ਵਧੀਆ ਕਵਿਤਾਵਾਂ ਲਿਖ਼ੀਆਂ, ਪਰ ਸੰਨ 47 ਦੀਆਂ ਕਿਉਂ ਨਹੀਂ?' ਜਗਤਾਰ ਨੇ ਕਿਹਾ: "ਨਕਸਲੀ ਦੌਰ ਨੂੰ ਮੈਂ ਨੰਗੀਆਂ ਅੱਖਾਂ ਨਾਲ ਵੇਖਿਆ ਤੇ ਅੰਦਰਲੀ ਸੁੰਨ ਤੀਕ ਮਹਿਸੂਸ ਕੀਤਾ ਹੈ। ਸੰਨ 47 ਵੇਲ਼ੇ ਮੇਰੀ ਚੇਤਨਾ ਨੇ ਉਹ ਦੁਖ਼ਦਾਈ ਸਮਾਂ ਬਾਲਪਨ ਦੀ ਸੰਵੇਦਨਾ ਕਰਕੇ ਪੂਰੀ ਤਰ੍ਹਾਂ ਅੰਦਰ ਤੀਕ ਗ੍ਰਹਿਣ ਨਹੀਂ ਕੀਤਾ। ਜੋ ਅੰਦਰ ਨਹੀਂ ਗੂੰਜਿਆ, ਉਹਦੀ ਕਵਿਤਾ ਝੂਠ ਹੋ ਜਾਂਦੀ ਹੈ। ਮੈਂ ਅੱਜ ਸੰਨ 47 ਬਾਰੇ ਪੁੱਛ ਕੇ, ਸੋਚ ਕੇ, ਜਾਣ ਕੇ ਲਿਖ਼ ਸਕਦਾ ਹਾਂ, ਪਰ ਏਹ ਉਹ ਕਵਿਤਾ ਨਹੀਂ ਹੋਵੇਗੀ ਜਿਹੜੀ ਉਸ ਘੱਲੂਘਾਰੇ ਦੇ ਹਾਣ ਦੀ ਹੋਵੇ !"

ਲੋਕ ਸੁਰਜੀਤ ਪਾਤਰ ਦੀ ਕਵਿਤਾ ਏਸ ਲਈ ਸੁਣਨ ਨਹੀਂ ਆਉਂਦੇ ਸਨ ਕਿ ਉਹ ਗਾਉਂਦਾ ਸੀ। ਗਾਉਣ ਵਾਲ਼ੇ ਸੈਂਕੜੇ ਹੋਰ ਵੀ ਬੈਠੇ ਸਨ। ਲੋਕ ਆਪਣਾ ਹੀ ਦੁੱਖ ਪਾਤਰ ਦੀਆਂ ਅੱਖਾਂ 'ਚੋਂ ਵੇਖਣ, ਉਹਦੇ ਸ਼ਬਦਾਂ ਵਿਚੋਂ ਸੁਣਨ ਆਉਂਦੇ ਸਨ। ਇਹ ਵੇਖ ਸੁਣ ਕੇ ਉਨ੍ਹਾਂ ਨੂੰ ਜਾਪਦਾ –ਉਹ ਇਕੱਲ੍ਹੇ ਨਹੀਂ ! ਇਸ ਭਰੇ ਸੰਸਾਰ ਵਿਚ ਕੋਈ ਹਿਰਦਾ ਤਾਂ ਹੈ ਜੋ ਉਨ੍ਹਾਂ ਲਈ ਵੀ ਧੜਕਦਾ ਹੈ, ਕੋਈ ਅੱਖ ਜਿਹੜੀ ਉਨ੍ਹਾਂ ਵਾਸਤੇ ਸਿਲ੍ਹੀ ਹੁੰਦੀ ਹੈ, ਕੋਈ ਜੀਭ ਜੋ

ਉਹ ਸ਼ਬਦ ਬਣਦੀ ਹੈ ਜਿਹੜੇ ਉਨ੍ਹਾਂ ਕੋਲੋਂ ਦੁੱਖ ਦੀ ਹਨੇਰੀ ਵਿਚ ਕਿਧਰੇ ਗੁਆਚ ਗਏ ਹਨ ...

ਕੀ ਮਜਾਲ ਜੋ ਸੱਚ ਦਾ ਪਿੰਡਾ
ਕੱਜ ਸਕਣ ਬੇਗਾਨੀਆਂ ਲੀਰਾਂ
ਸਰਮਦ ਨੂੰ ਉਸਦੀ ਹੀ ਰੱਤ ਵਿਚ
ਢੱਕਿਆ ਸੀ ਨੰਗੀਆਂ ਸ਼ਮਸ਼ੀਰਾਂ

*

ਪਾਤਰ ਹੁਰਾਂ ਦੇ ਜਾਣ ਮਗਰੋਂ ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ ਉਨ੍ਹਾਂ ਨੂੰ ਗ਼ਾਲਿਬ, ਟੈਗੋਰ ਜਾਂ ਨੇਰੂਦਾ ਨਾਲ ਤੁਲਨਾ ਦਿੱਤੀ ਹੈ। ਨਾ ਇਹ ਸਹੀ ਹੈ, ਨਾ ਜ਼ਰੂਰੀ ਹੈ, ਨਾ ਇਉਂ ਕਹਿਣਾ ਕਰਨਾ ਸੁਰਜੀਤ ਪਾਤਰ ਦਾ ਮਾਣ ਹੈ। ਇਉਂ ਕਹਿਣ ਦਾ ਅਰਥ ਹੈ-ਕਵੀ ਸੁਰਜੀਤ ਪਾਤਰ ਦਾ ਲਿਬਾਸ ਅਧੂਰਾ ਜਾਂ ਫ਼ਟਿਆ ਹੋਇਆ ਸੀ, ਜਿਸਨੂੰ ਨੇਰੂਦਾ ਨਾਲ ਰਫ਼ੂ ਕਰਕੇ ਕੱਜਣ ਦੀ, ਜਾਂ ਟੈਗੋਰ ਦਾ ਪੈਬੰਦ ਲਾ ਕੇ ਪੂਰਾ ਕਰਨ ਦੀ ਲੋੜ ਹੈ। ਜੇ ਗ਼ਾਲਿਬ ਜਾਂ ਨੇਰੂਦਾ ਨੂੰ ਕਿਸੇ ਤੁਲਨਾ ਦੀ ਲੋੜ ਨਹੀਂ ਪਈ ਤਾਂ ਪਾਤਰ ਵੀ ਕਿਸੇ ਤੁਲਨਾ ਦੇ ਮੁਥਾਜ ਨਹੀਂ ਹਨ।

ਕਈਆਂ ਨੇ ਕਿਹਾ ਹੈ ਕਿ ਸੁਰਜੀਤ ਪਾਤਰ ਵਰਗਾ ਦੂਜਾ ਪੈਦਾ ਨਹੀਂ ਹੋਣਾ। ਇਹ ਗਲ ਸੰਕੇਤਕ ਰੂਪ ਵਿਚ ਸਹੀ ਹੋਵੇਗੀ, ਹਕੀਕਤ ਵਿਚ ਨਹੀਂ। ਇਕ ਅਰਥ ਵਿਚ ਸਹੀ ਹੈ ਕਿਉਂਕਿ ਇਸ ਧਰਤੀ ਤੇ ਨਾ ਵੱਡੀ ਤੇ ਨਾ ਛੋਟੀ–ਕੋਈ ਵੀ ਹਸਤੀ ਆਪਣੇ ਪਹਿਲੇ ਸਰੂਪ ਵਿਚ ਦੁਬਾਰਾ ਨਹੀਂ ਜਨਮਦੀ। ਨਾ ਨਾਨਕ ਦੁਬਾਰਾ ਜਨਮ ਲੈਂਦੇ ਹਨ, ਨਾ ਨਿੱਕਾ ਗੰਡੋਇਆ ਜੋ ਅੱਜ ਏਥੇ ਹੈ। ਏਸ ਲਈ ਕਿ ਕੁਦਰਤੀ ਚੇਤਨਾ ਕੋਲ ਆਪਣਾ ਆਪਣਾ ਆਪ ਪ੍ਰਗਟ ਕਰਨ ਦੇ ਏਨੇ ਅਮੁੱਕ ਤਰੀਕੇ ਅਤੇ ਰੂਪ ਹਨ ਕਿ ਉਹਨੂੰ ਪਿਛਲਾ ਰੂਪ ਜਾਂ ਸਰੂਪ ਦੁਹਰਾਉਣ ਦੀ ਲੋੜ ਹੀ ਨਹੀਂ ਪੈਂਦੀ।

ਏਹਦਾ ਅਰਥ ਏਹ ਵੀ ਨਹੀਂ ਕਿ ਕੋਈ ਹੋਰ ਵੀ ਸੁਰਜੀਤ ਪਾਤਰ ਜਿੰਨੀ ਸੰਵੇਦਨਸ਼ੀਲ ਕਵਿਤਾ ਨਹੀਂ ਲਿਖ਼ ਸਕੇਗਾ, ਜਾਂ ਹੋਰ ਕਿਸੇ ਕਵੀ ਜਾਂ ਕਵਿਤਾ ਕੋਲ ਪਾਤਰ ਵਰਗੀ ਬੁਲੰਦੀ ਨਹੀਂ ਹੋਣੀ।

ਅਸੀਂ ਕਵਿਤਾ ਨਹੀਂ ਕਹਿੰਦੇ, ਕਵਿਤਾ ਸਾਡੇ ਰਾਹੀਂ ਕਹੀ ਜਾਂਦੀ ਹੈ। ਕੁਦਰਤ ਦੀ ਚੇਤਨਾ ਜਦੋਂ ਸ਼ਬਦ ਵਿਚ ਰੂਪਮਾਨ ਹੋਣਾ ਚਾਹੁੰਦੀ ਹੈ ਤਾਂ ਸਾਡੇ ਵਿਚੋਂ ਕਿਸੇ ਨਾ ਕਿਸੇ ਨੂੰ ਆਪਣਾ ਆਪ ਪ੍ਰਗਟ ਕਰਨ ਲਈ ਵਰਤ ਲੈਂਦੀ ਹੈ। ਜੇ ਉਹ ਆਵੇ ਤੇ ਮੈਂ ਸੁੱਤਾ ਹੋਵਾਂ ਤਾਂ ਉਹ ਕਵਿਤਾ/ਚੇਤਨਾ ਕਿਸੇ ਹੋਰ ਰਾਹੀਂ ਪ੍ਰਗਟ ਹੋ ਜਾਂਦੀ ਹੈ। ਚੇਤਨਾ ਉਹੀ ਰਹੇਗੀ, ਦੂਜੇ ਬੰਦੇ ਵਿਚੋਂ ਪ੍ਰਗਟ ਹੋਣ ਵੇਲੇ ਸ਼ਬਦ ਹੋਰ ਹੋ ਜਾਣਗੇ। ਜਿਸ ਤਰ੍ਹਾਂ ਦਾ ਪਾਰਦਰਸ਼ੀ ਮਨ ਪਾਤਰ ਕੋਲ ਸੀ, ਸਾਡੇ ਵਿਚੋਂ ਜਿਸ ਕੋਲ ਵੀ ਹੋਵੇਗਾ, ਉਸੇ ਵਿਚੋਂ ਬੁਲੰਦ ਕਵਿਤਾ ਪ੍ਰਗਟ ਹੁੰਦੀ ਰਹੇਗੀ। ਕੁਦਰਤ ਦੇਣ ਵੇਲ਼ੇ ਨਿਰਪੱਖ ਹੈ, ਪਰ ਲੈਣ ਦੀ ਪਾਤਰਤਾ ਜ਼ਰੂਰੀ ਹੈ। ਸੁਰਜੀਤ ਪਾਤਰ ਨੇ ਆਪਣੀ ਪਾਤਰਤਾ ਮਿਹਨਤ ਅਤੇ ਸੰਵੇਦਨਾ ਨਾਲ ਕਮਾਈ ਸੀ। ਅਜਿਹੀ ਕਮਾਈ ਸਾਡੇ ਵਿਚੋਂ ਜਿਹੜਾ ਵੀ ਕਰੇਗਾ, ਉਹੀ ਜਣਾ ਵੈਸੀ ਕਵਿਤਾ ਲਿਖਣ ਦਾ ਹੱਕਦਾਰ ਹੋ ਜਾਵੇਗਾ।

ਨਵਤੇਜ ਭਾਰਤੀ ਦੇ ਸ਼ਬਦਾਂ ਵਿਚ: "ਕਵਿਤਾ ਆਪਣੇ ਮੁੱਢ ਵਿਚ 'ਨਾਨ-ਰੈਸ਼ਨਲ' ਕਿਰਿਆ ਹੈ। ਅੱਖਾਂ ਮੀਚ ਕੇ ਛਾਲ ਮਾਰਣ ਵਰਗਾ ਕਰਮ। ਇਸ ਲਈ ਕਵਿਤਾ ਦੀ ਕੋਈ ਟੀਸੀ ਨਹੀਂ ਹੁੰਦੀ ਜਿਸਦਾ ਕੋਈ ਮਿੱਥਿਆ ਰਾਹ ਹੈ, ਜਾਂ ਜਿੱਥੇ ਪੁੱਜ ਕੇ ਵੱਡੇ ਜਾਂ ਮਹਾਨ ਹੋਣਾ ਹੁੰਦਾ ਹੈ। ਪਾਤਰ ਵੀ ਕਿਸੇ ਟੀਸੀ ਤੇ ਨਹੀਂ ਸੀ। ਨਾ ਹੀ ਪਾਤਰ 'ਜੀਨੀਅਸ' ਕਵੀ ਸੀ। ਕਵਿਤਾ ਵਿਚ 'ਜੀਨੀਅਸ' ਹੋਣਾ ਜ਼ਰੂਰੀ ਹੀ ਨਹੀਂ। ਕਵਿਤਾ ਵਿਚ ਜ਼ਰੂਰੀ ਇਹ ਹੈ –ਤੁਹਾਡੀ ਹਮਦਰਦੀ ਦੀ ਬਾਂਹ ਕਿੰਨੀ ਕੁ ਲੰਮੀ ਹੈ? ਤੁਹਾਡੇ ਨਿਜ ਤਕ ਹੀ ਪਹੁੰਚਦੀ ਹੈ ਕਿ ਸਾਰੀ ਧਰਤੀ ਨੂੰ ਛੂੰਹਦੀ ਹੈ? ਕੀ ਕਵੀ 'ਭਲੇ ਪੁਰੇ ਕੀ ਪੀਰ ਪਛਾਨਤ' ਕਰਦਾ ਹੈ? ਪਾਤਰ ਦੀ ਕਵਿਤਾ ਦਾ ਹਰ ਬੰਦ ਇਉਂ ਕਰਦਾ ਸੀ। ਪੁਰਾਣੇ ਬੰਦਿਆਂ ਨੂੰ ਪਤਾ ਸੀ ਕਿ ਕੋਈ ਕਵੀ ਬੰਦਾ ਜਾਂ ਪੈਗੰਬਰ ਸਾਰੀ ਸ੍ਰਿਸ਼ਟੀ ਦਾ ਦੁੱਖ ਦੂਰ ਨਹੀਂ ਕਰ ਸਕਦਾ। ਕਵੀ ਦੁੱਖ ਦੂਰ ਨਹੀਂ ਕਰ ਸਕਦਾ, ਸਿਰਫ਼ ਦੁੱਖ ਦਾ ਬਿਆਨ ਕਰ ਸਕਦੈ। ਉਹ ਵੀ-ਆਪਣੇ ਵਿੱਤ ਜਿੰਨਾ। ਪਾਤਰ ਨੂੰ ਪਤਾ ਸੀ ਉਹਦੀਆਂ ਬਾਹਾਂ ਕਿੰਨੀਆਂ ਲੰਮੀਆਂ ਹਨ। ਉਹ ਜਿੰਨੀ ਦੂਰ ਤਕ ਆਪਣੀ ਬਾਂਹ ਪਸਾਰ ਸਕਦਾ ਸੀ, ਓਨੀ ਦੂਰ ਪਸਾਰ ਦਿੰਦਾ ਸੀ ... ਅੱਜ ਉਹ ਚਲਾ ਗਿਐ। ਏਨੀ ਦੂਰ ਕਿ ਉਸ ਤਕ ਸਾਡੀ ਬਾਂਹ ਹੁਣ ਨਹੀਂ ਪਹੁੰਚਦੀ। ਪਰ ਉਹਦੀ ਕਵਿਤਾ ਦੀ ਬਾਂਹ ਹਾਲੇ ਵੀ ਸਾਡੇ ਸਾਰਿਆਂ ਤਕ ਪਹੁੰਚਦੀ ਹੈ। ਫਿਰ ਵੀ ਮੈਂ ਉਹਦੇ ਜਾਣ 'ਤੇ ਉਦਾਸ ਹਾਂ। ਪੰਜਾਬੀ ਕਵਿਤਾ ਦੀ ਧਰਤੀ ਤੇ ਹੋਰ ਵੀ ਬੂਟੇ ਉੱਗਣਗੇ। ਪਰ ਹਰ ਟੁੱਟੇ

ਗੁਆਚੇ ਫ਼ਲ ਲਈ ਮਨ ਉਦਾਸ ਤਾਂ ਹੁੰਦਾ ਹੀ ਹੈ। ਕੋਈ ਬਾਂਹ ਤੁਹਾਡੇ ਹੱਥੋਂ ਛੁੱਟ ਜਾਏ ਤਾਂ ਆਪਣਾ ਹੀ ਸਰੀਰ ਅਧੂਰਾ ਜਾਪਣ ਲਗਦਾ ਹੈ"।

*

ਮੈਂ ਤਾਂ ਧਰਤੀ ਦੇ ਦੁਖੜੇ ਨੂੰ ਸਹਿਣਾ ਵੀ ਹੈ
ਜਿਹੜਾ ਬਦੀਆਂ ਕਰੇ ਉਹਨੂੰ ਕਹਿਣਾ ਵੀ ਹੈ
ਅੰਤ ਧਰਤੀ ਹੀ ਮੇਰੇ ਜਿਹਾਂ ਨੂੰ ਸਦਾ
ਅਪਣੇ ਸੀਨੇ ਦੇ ਅੰਦਰ ਲੁਕਾਉਂਦੀ ਰਹੀ
ਜਿਹੜੇ ਧਰਤੀ 'ਚ ਲੁਕਦੇ ਉਹ ਲੁਕਦੇ ਨਹੀਂ
ਲੋਕ ਕਹਿੰਦੇ ਨੇ ਮੁਕ ਗਏ ਉਹ ਮੁਕਦੇ ਨਹੀਂ
ਅੰਤ ਧਰਤੀ ਹੀ ਮੇਰੇ ਜਿਹਾਂ ਨੂੰ ਸਦਾ
ਆਪਣੇ ਸੀਨੇ ਦੇ ਅੰਦਰ ਲੁਕਾਉਂਦੀ ਰਹੀ

ਡਰ ਸਿਤਮ ਤੋਂ ਸਿਤਮਗਰ ਜਿਹਾ ਹੋ ਗਿਆ
ਹੁਣ ਤਾਂ ਪਾਤਰ ਵੀ ਪੱਥਰ ਜਿਹਾ ਹੋ ਗਿਆ
ਉਹ ਨਹੀਂ ਬੋਲਿਆ, ਉਠ ਨਾ ਦਰ ਖੋਲ੍ਹਿਆ
ਪੌਣ ਗਲੀਆਂ ਦੇ ਵਿਚ ਵੈਣ ਪਾਉਂਦੀ ਰਹੀ

ਸੁਰਜੀਤ ਪਾਤਰ ਦੇ ਜਾਣ ਨਾਲ ਅਸੀਂ ਥੋੜ੍ਹੇ ਥੋੜ੍ਹੇ ਅਧੂਰੇ ਹੋ ਗਏ ਮਹਿਸੂਸ ਕਰਦੇ ਹਾਂ। ਪਰ ਏਹਦਾ ਇਹੀ ਅਰਥ ਹੈ ਕਿ ਅਸੀਂ ਇਕ ਦੂਜੇ ਨਾਲ ਜੁੜ ਕੇ, ਇਕ ਦੂਜੇ ਰਾਹੀਂ ਪੂਰੇ ਹੋ ਕੇ ਹੀ ਕਵਿਤਾ ਕਹਿੰਦੇ ਹਾਂ। ਆਪਾਂ ਇਕ ਦੂਜੇ ਦੇ ਮੁਕਾਬਲੇ ਵਿਚ ਕਵਿਤਾ ਨਹੀਂ ਆਖ਼ਦੇ।

20 ਵਰ੍ਹੇ ਪਹਿਲਾਂ ਵੈਨਕੂਵਰ ਵਿਖੇ ਕਵਿਤਾ-ਪਾਠ ਆਰੰਭ ਕਰਦਿਆਂ ਸੁਰਜੀਤ ਪਾਤਰ ਨੇ ਕਿਹਾ:

"ਸੰਸਾਰ ਦੀ ਹਰ ਰਚਨਾ ਵਿਯੋਗ ਵਿਚੋਂ ਹੀ ਹੁੰਦੀ ਹੈ। ਇਹ ਵਿਯੋਗ ਕਦੀ ਕਿਸੇ ਪਿਆਰੇ ਵਿਅਕਤੀ ਦਾ ਹੁੰਦਾ ਹੈ, ਕਦੀ ਕਿਸੇ ਗੁਆਚਦੀ ਜਾਂਦੀ ਕਦਰ ਕੀਮਤ ਦਾ, ਕਦੀ ਹੱਥੋਂ ਛੁੱਟਦੇ ਨਿਆਂ ਦਾ, ਜਾਂ ਟੱਬਰ ਪਾਲਦਿਆਂ ਘਟ ਗਏ ਵਸੀਲਿਆਂ ਦਾ, ਕਦੀ ਦੂਰ ਚਲੇ ਗਏ ਰਿਸ਼ਤੇ ਦਾ, ਕਦੀ ਟੁੱਟ ਗਈ ਇਕਾਗਰਤਾ ਦਾ, ਜਾਂ ਕਦੇ ਕਦਾਈਂ ਕਿਸੇ ਨੂੰ ਰੱਬ ਦਾ।

ਰੱਬ ਵੀ ਇਕੱਲ੍ਹਾ ਵਿਯੋਗਿਆ ਗਿਆ ਹੋਣਾ, ਤਾਂ ਹੀ ਇਹ ਸ੍ਰਿਸ਼ਟੀ ਰਚੀ ਹੋਣੀ ! ਵਿਯੋਗ ਰਚਨਾ ਦੀ ਮਾਂ ਹੈ ...”

ਸੁਰਜੀਤ ਪਾਤਰ ਵਿਦਾ ਹੋ ਗਏ ਹਨ ...

ਇਹ ਵਿਯੋਗ ਦੀ ਘੜੀ ਹੈ ...

ਇਹੀ ਰਚਨਾ ਦੀ ਘੜੀ ਹੈ ...

ਆਉ ! ਆਪੋ ਆਪਣੀ ਵਿੱਤ ਅਨੁਸਾਰ ਆਪੋ ਆਪਣੇ ਹਿੱਸੇ ਦੀ ਅਗਲੀ ਰਚਨਾ ਕਰੀਏ। ਇਹ ਰਚਨਾ ਕੁਝ ਵੀ ਹੋ ਸਕਦੀ ਹੈ: ਅਗਲੀ ਕਵਿਤਾ ਜਾਂ ਅਗਲਾ ਸ਼ਬਦ ਲਿਖਣਾ, ਆਪਣੇ ਬੱਚੇ ਨੂੰ ਪਿਆਰ ਕਰਨਾ, ਕਿਸੇ ਦੇ ਦੁੱਖ ਵਿਚ ਉਹਦਾ ਆਸਰਾ ਬਣਨਾ, ਕਿਸੇ ਵਿਛੜੇ ਮਿੱਤਰ ਨੂੰ ਜਾ ਕੇ ਮਿਲਣਾ, ਮਾਂ ਜਾਂ ਪਿਤਾ ਦਾ ਹਾਲ ਪੁੱਛਣਾ, ਨਵਾਂ ਚਿੱਤਰ ਬਣਾਉਣਾ, ਕੋਈ ਰਾਗ ਸੁਣਨਾ, ਕੋਈ ਪਰਪੱਕ ਨਾਚ ਵੇਖਣਾ, ਕੋਈ ਕਵਿਤਾ ਪੜ੍ਹਣਾ, ਕੋਈ ਸ਼ਬਦ ਸੁਣਨਾ ...

ਸ੍ਰਿਸ਼ਟੀ ਵਿਚ ਸੁਰਜੀਤ ਪਾਤਰ ਦੀ ਚੇਤਨਾ, ਐਸ ਵੇਲੇ ਜਿੱਥੇ ਵੀ ਹੈ, ਉਹ ਵੀ ਐਸ ਵੇਲ਼ੇ ਏਹੀ ਕਰਦੀ ਹੋਣੀ ...

***